ਸਮੂਹ ਮਾਨਵਤਾ ਨੂੰ ਨਵੇਂ ਸਾਲ 2016 ਦੀਆਂ ਲੱਖ-ਲੱਖ ਵਧਾਈਆਂ


Amrik Chand (CPA)


Ram Saroay Broker

ਹਫਤਾਵਾਰੀ

# ਦੇਸ਼ ਦੁਆਬਾ

VOL - 4 ISSUE - 39
December 30, 2015

Postal Address
5101 Doe Hollow Pl, Antelope, CA-95843

www.deshdoaba.com
www.ambedkartimes.com

Golden State Truck Sales Inc.

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ




ਅਦਾਰਾ 'ਅੰਬੇਦਕਰ ਟਾਈਮਜ਼" ਅਤੇ 'ਦੇਸ਼ ਦੁਆਬਾ' ਵੱਲੋਂ ਨਵੇਂ ਸਾਲ 2016 ਦੀਆਂ ਲੱਖ-ਲੱਖ ਵਧਾਈਆਂ। ਅਸੀਂ ਆਪਣੇ ਸਾਰੇ ਸਹਿਯੋਗੀਆਂ, ਪ੍ਰਸ਼ੰਸਕਾਂ, ਇਸ਼ਤਿਹਾਰਦਾਤਿਆਂ ਦੇ ਧੰਨਵਾਦੀ ਹਾਂ, ਜਿਹਨਾਂ ਨੇ ਸਾਨੂੰ ਹਰ ਕਿਸਮ ਦੀ ਮਦਦ ਦੇ ਕੇ ਸਾਡਾ ਹੌਸਲਾ ਵਧਾਇਆ, 'ਅੰਬੇਦਕਰ ਟਾਈਮਜ਼' ਅਤੇ 'ਦੇਸ਼ ਦੁਆਬਾ' ਨੂੰ ਭਰਪੂਰ ਪਿਆਰ ਦਿੱਤਾ।ਅਸੀਂ ਆਸ ਕਰਦੇ ਹਾਂ ਕਿ ਸਾਨੂੰ ਮਿਲ ਰਹੇ ਸਹਿਯੋਗ ਵਿਚ ਹੋਰ ਵਾਧਾ ਹੋਵੇਗਾ।

# ਅਮਰੀਕਾ ਵਿਚ ਨਸਲੀ ਹਮਲਿਆਂ ਦੀ ਸਮੱਸਿਆ ਹੋਈ ਗੰਭੀਰ

## ਮੁਸਲਮਾਨ ਸਮਝ ਕੇ ਸਿੱਖਾਂ 'ਤੇ ਕੀਤੇ ਜਾ ਰਹੇ ਨੇ ਨਸਲੀ ਹਮਲੇ

ਵਾਸ਼ਿੰਗਟਨ (ਬਿਊਰੋ)- ਅਮਰੀਕਾ ਵਿੱਚ ਸਿੱਖਾਂ ਨੂੰ ਮੁਸਲਮਾਨ ਸਮਝ ਕੇ ਉਨ੍ਹਾਂ 'ਤੇ ਹਮਲਾ ਕਰ ਦਿੱਤਾ ਜਾਂਦਾ ਹੈ। ਹਾਲ ਹੀ ਵਿੱਚ ਅਮਰੀਕਾ ਦੇ ਕੈਲੇਫੋਰਨੀਆ ਵਿੱਚ 68 ਵਰ੍ਹਿਆਂ ਦੇ ਸਿੱਖ ਅਮਰੀਕ ਸਿੰਘ ਬਲ 'ਤੇ ਨਸਲੀ ਹਮਲਾ ਕੀਤਾ ਗਿਆ। ਪੁਲੀਸ ਵੱਲੋਂ ਇਸ ਬਾਰੇ ਜਾਂਚ ਜਾਰੀ ਹੈ।

ਇਕ ਅਮਰੀਕੀ ਅਖ਼ਬਾਰ ਦੀ ਰਿਪੋਰਟ ਅਨੁਸਾਰ ਅਮਰੀਕਾ ਵਿੱਚ ਹੋਏ 11 ਸਤੰਬਰ 2001 ਦੇ ਹਮਲੇ ਤੋਂ ਬਾਅਦ ਇੱਥੇ ਹਿੰਸਾ ਅਤੇ ਸਿੱਖਾਂ ਨੂੰ ਧਮਕੀਆਂ ਦੇਣ ਆਦਿ ਦੀਆਂ ਘਟਨਾਵਾਂ ਵਿੱਚ ਵਾਧਾ ਹੋਇਆ ਹੈ। ਅਮਰੀਕਾ ਵਿੱਚ ਸਿੱਖਾਂ ਨੂੰ ਮੁਸਲਮਾਨ ਮੰਨ ਲਿਆ ਜਾਂਦਾ ਹੈ ਅਤੇ ਇਸ ਇਸਲਾਮ ਵਿਰੋਧੀ ਪ੍ਰਤੀਕਿਰਿਆ ਦਾ ਖਾਮਿਆਜ਼ਾ ਸਿੱਖਾਂ ਨੂੰ ਭੁਗਤਣਾ ਪੈਂਦਾ ਹੈ। ਰਿਪੋਰਟ ਅਨੁਸਾਰ ਸਿੱਖਾਂ ਨੂੰ ਅਮਰੀਕੀਆਂ ਵਿਚਲੀਆਂ ਇਸਲਾਮ ਵਿਰੋਧੀ ਪ੍ਰਤੀਕਿਰਿਆਵਾਂ ਦਾ ਖਾਮਿਆਜ਼ਾ ਭੁਗਤਣਾ ਪੈਂਦਾ ਹੈ। ਇਕ ਗ਼ੈਰ ਸਰਕਾਰੀ ਸਮੂਹ 'ਸਿੱਖ ਕੁਲੀਸ਼ਨ' ਦੇ ਇੱਕ ਅਧਿਕਾਰੀ ਸਿਮਰਨ ਜੀਤ ਸਿੰਘ ਨੇ ਕਿਹਾ ਕਿ ਅਮਰੀਕਾ ਵਿੱਚ ਸਿੱਖਾਂ ਨੂੰ ਧਮਕੀ ਅਤੇ ਹਿੰਸਾ ਦਾ ਨਿਸ਼ਾਨਾ ਬਣਾਇਆ ਜਾਣਾ ਕੋਈ ਨਵੀਂ ਗੱਲ ਨਹੀਂ ਹੈ। 20ਵੀਂ ਸਦੀ ਵਿੱਚ ਦੱਖਣੀ ਏਸ਼ੀਆ ਵਿੱਚੋਂ ਨਿਕਲੇ ਇਨ੍ਹਾਂ ਲੋਕਾਂ ਨੇ ਜਦੋਂ ਤੋਂ ਇੱਧਰ ਨੂੰ ਆਉਣਾ ਸ਼ੁਰੂ ਕੀਤਾ, ਉਦੋਂ ਤੋਂ ਹੀ ਇਨ੍ਹਾਂ ਨਾਲ ਅਜਿਹੀਆਂ ਘਟਨਾਵਾਂ ਵਾਪਰਦੀਆਂ ਆ ਰਹੀਆਂ ਹਨ। ਉਨ੍ਹਾਂ ਕਿਹਾ ਕਿ ਅਮਰੀਕਾ ਵਿੱਚ 11 ਸਤੰਬਰ 2001 ਵਿੱਚ ਹੋਏ ਹਮਲੇ ਤੋਂ ਬਾਅਦ ਅਮਰੀਕਾ ਵਿੱਚ ਸਿੱਖਾਂ ਨੂੰ ਧਮਕੀਆਂ ਮਿਲਣ ਦੇ ਮਾਮਲੇ ਵਿੱਚ ਵਾਧਾ ਹੋਇਆ ਹੈ। 'ਸਿੱਖ ਕੁਲੀਸ਼ਨ' ਅਨੁਸਾਰ 2001 ਤੋਂ ਬਾਅਦ ਸਿੱਖਾਂ 'ਤੇ ਹਿੰਸਾ ਅਤੇ ਧਮਕੀਆਂ ਦੇ ਇੱਕ ਮਹੀਨੇ ਵਿੱਚ ਲਗਪਗ 300 ਮਾਮਲੇ ਸਾਹਮਣੇ ਆਉਂਦੇ ਹਨ। ਇਸ ਮਹੀਨੇ ਦੇ ਸ਼ੁਰੂ ਵਿੱਚ ਕੈਲੇਫੋਰਨੀਆ ਦੇ ਗੁਰਦੁਆਰੇ ਵਿੱਚ 'ਆਈ ਐਸ ਆਈ ਐਸ' ਸਮੇਤ ਹੋਰ ਨਸਲੀ ਚਿੰਨ੍ਹ ਉਕੇਰ ਦਿੱਤੇ ਗਏ ਸਨ। ਇਸੇ ਤਰ੍ਹਾਂ ਸਤੰਬਰ ਵਿੱਚ ਸ਼ਿਕਾਗੋ ਦੇ ਬਾਹਰਵਾਰ ਸਿੱਖ ਨੂੰ ਬਿਨ ਲਾਦੇਨ ਸੱਦ ਕੇ ਉਨ੍ਹਾਂ ਨੂੰ ਬੁਰੀ ਤਰ੍ਹਾਂ ਕੁੱਟਿਆ ਗਿਆ ਸੀ।



# ਸ਼ਿਕਾਗੋ ਇਲਾਕੇ ਵਿੱਚ ਆਏ ਬਰਫ਼ੀਲੇ ਤੂਫਾਨ ਕਾਰਨ 40 ਲੋਕੀ ਮਾਰੇ ਗਏ

ਸ਼ਿਕਾਗੋ- ਅਮਰੀਕਾ ਦੇ ਸ਼ਿਕਾਗੋ ਇਲਾਕੇ ਵਿੱਚ ਸੋਮਵਾਰ ਨੂੰ ਆਏ ਤੂਫਾਨ ਕਾਰਨ ਜਿੱਥੇ ਭਾਰੀ ਜਾਨੀ ਅਤੇ ਮਾਲੀ ਨੁਕਸਾਨ ਹੋ ਗਿਆ ਉਥੇ ਬਹੁਤੇ ਪ੍ਰਭਾਵਿਤ ਇਲਾਕਿਆਂ ਦੇ ਵਿੱਚ ਜੀਵਨ ਇੱਕ ਤਰ੍ਹਾਂ ਨਾਲ ਰੁਕ ਜਿਹਾ ਗਿਆ ਹੈ। ਕ੍ਰਿਸਮਿਸ ਦੀਆਂ ਛੁੱਟੀਆਂ ਕਾਰਨ ਸੜਕਾਂ ਉੱਤੇ ਆਪੋ ਆਪਣੀ ਮੰਜ਼ਿਲ ਲਈ ਜਦੋ-ਜਹਿਦ ਕਰਦੇ ਵੱਡੀ ਗਿਣਤੀ ਵਿੱਚ ਲੋਕਾਂ ਵਿੱਚੋਂ ਕੋਈ 40 ਲੋਕਾਂ ਦੇ ਮਾਰੇ ਜਾਣ ਦੀ ਖ਼ਬਰ ਹੈ। ਇਸ ਬਰਫੀਲੇ ਤੂਫਾਨ ਬਾਰੇ ਅਲਬਾਮਾ ਵਿੱਚ ਪਹਿਲਾਂ ਹੀ ਚੇਤਾਵਨੀ ਜਾਰੀ ਕਰ ਦਿੱਤੀ ਗਈ ਸੀ। ਮੌਸਮ ਵਿਭਾਗ ਦੇ ਸੀਨੀਅਰ ਅਧਿਕਾਰੀ ਮਾਈਕਲ ਲੈਸਨੇ ਨੇ ਦੱਸਿਆ ਕਿ ਅਲਬਾਮਾ ਮਿਸੀਸਿਪੀ ਅਤੇ ਫਲੋਰੀਡਾ ਵਿੱਚ ਬਰਫੀਲੇ ਤੂਫਾਨ ਕਾਰਨ ਭਾਰੀ ਨੁਕਸਾਨ ਹੋਣ ਦਾ ਡਰ ਸੀ। ਤੂਫਾਨ ਦੀ ਭਿਆਨਕਤਾ ਨੂੰ ਦੇਖਦਿਆਂ ਅਮਰੀਕਾ ਵਿੱਚ 2900 ਹਵਾਈ ਉਡਾਣਾਂ ਰੱਦ ਕੀਤੀਆਂ ਗਈਆਂ।

Raja Sweets & Catering
Authorized Caterer for Major 5-Star Hotels
Additional Services
Warmers, Chaffing Dishes, Chind & Silverware, Linen Rental, Walters, Barlenders
Items Serving
All Kinds of Sweets, Snacks, Chaat Stall, North Indian Cuisine, Flude Kulfi Stall, On Site Tandoon
Catering Services
Wedding Ceremonies, Receptions, Birthday Parties, Corporale Events, Religious Gatherings, Picnic/Bar-B-Que
Contact Us:
RAJA SWEETS & CATERING
WORK (510) 489-9100
CELL (510) 715-1619
www.rajasweets.com
Email: msbains@rajasweets.com

A & S Auto Repair & Services
9:00 AM to 6:00 PM Mon-Sat
Specializing in Brakes & Axles
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Ph: 916-238-4431
649 W. Elkhorn Blvd. Suite B2
Rio Linda, CA 95673
Amarjit Sandhu

AAA AUTO AND BODY WORKS
We Do Complete Engine Transmission, Body and Paint Work We Sell Used Cars at a Good Price
ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।
Free Estimates Free Towing
Prop: Jasbir Singh Takhar 510-755-2132
510- 733- 2222
1421 Industrial PKWY West#F Hayward, CA 94544
Harmandeep Singh

TANDOOR Indian Restaurant
27167 Mission Blvd. Hayward, CA 95544
ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੇਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ
We are open seven days 11 AM to 10 PM
ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ
Contact Us:
Ph. 510-885-1212, Fax. 510-885-1532

MAJESTIC HOMES
RAMESH SUMAN
Broker Realtor
RCS-D ™
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Fax: (510) 742-8121

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation (Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

SANDHU IMMIGRATION CONSULTANT
Passports, Visas, Green Cards, Notary, Immigration Forms
Citizenship, Study Visas, Family Immigration Visas
MANDEEP SANDHU
msandhu2014@gmail.com
SANDHU Tours And Travels
(CST# 2122162-50)
Email: sandhutat@gmail.com.
WE OPEN 7-DAYS A WEEK
Note: I am not an Immigration Attorney.
"We sell International and Domestic Airline Tickets on Low Airfares"
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)

Jaspreet Singh
Attorney at Law USA
Over 18 years of Legal Experience
USA Immigration
Citizenship, Green Card
Deportation defense
Political Asylum
Specilized in
Detention cases, Artists
Singers P3 visas
Priest R1 visas
Investor EB 5 visas
L1 Business visas
Family law
Criminal Defense cases.
Offices
New York: 37-18 73 Street Suite # 401 Jackson Heights Ny 11372 Phone : 718-533-8444
Fremont: 44790 S Grimmer Blvd # 208 Fremont CA 94538 Phone : 510-657-6444
Fresno: 4491 W Shaw ave # 131 Fresno CA 93711 Phone : 559-271-5511
Sacramento: 2901 W Capitol ave West Sacramento CA 95691 Phone : 916-385-2288
Jaspreet Singh
Email : jaspreetsinghlawoffice@gmail.com




**ਨਵਾਂ ਸਾਲ 2016 ਦੀਆਂ ਲੱਖ-ਲੱਖ ਮੁਬਾਰਕਾਂ। ਆਪ ਸਭ ਲਈ ਇਹ ਸਾਲ ਖੁਸ਼ੀਆਂ-ਖੇੜਿਆਂ ਭਰਪੂਰ ਹੋਵੇ। ਵਾਹਿਗੁਰੂ ਅੱਗੇ ਅਰਦਾਸ ਕਰਦੇ ਹਾਂ ਕਿ ਸਾਰੀ ਮਨੁੱਖਤਾ ਸਾਲ 2016 ਵਿਚ ਖੁਸ਼ੀ ਅਤੇ ਸੁਖੀ ਜੀਵਨ ਬਤੀਤ ਕਰੇ।**



ਸਵਰਗਵਾਸੀ ਸ੍ਰੀ ਲਾਹੌਰੀ ਰਾਮ ਜੀ (ਕਮਿਸ਼ਨਰ)



## ਸਵਰਗਵਾਸੀ ਕਮਿਸ਼ਨਰ ਲਾਹੌਰੀ ਰਾਮ ਜੀ ਦਾ ਪਰਿਵਾਰ

ਨਵਾਂ ਸਾਲ 2016 ਦੀਆਂ ਲੱਖ-ਲੱਖ ਮੁਬਾਰਕਾਂ। ਆਪ ਸਭ ਲਈ ਇਹ ਸਾਲ ਖੁਸ਼ੀਆਂ-ਖੇੜਿਆਂ ਭਰਪੂਰ ਹੋਵੇ। ਵਾਹਿਗੁਰੂ ਅੱਗੇ ਅਰਦਾਸ ਕਰਦੇ ਹਾਂ ਕਿ ਸਾਰੀ ਮਨੁੱਖਤਾ ਸਾਲ 2016 ਵਿਚ ਖੁਸ਼ੀ ਅਤੇ ਸੁਖੀ ਜੀਵਨ ਬਤੀਤ ਕਰੇ।



ਕਸ਼ਮੀਰ ਸਿੰਘ ਹੀਰਾ



ਬਰਿੰਦਰ ਬੰਗੜ


INDIA MARKET

SWEETS & SPICES


CHAAT PAPDI, SAMOSA, CHAAT, PANI PUR
DAHI VADA, BHEL PURI CHAAT

CHAAT PLATE ONLY FOR $2.99

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ

WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC ARTIFICIAL JEWELRY, SWEETS, FRESH VEGETABLES & MORE..



ਕਸ਼ਮੀਰ ਸਿੰਘ ਹੀਰਾ



ਬਰਿੰਦਰ ਬੰਗੜ

Super Eyebrow Threading Now

Eyebrow Threading & Henna Tat-

7 times, Get 8th one free!



Inside India Mar-

SACRAMENTO
5203 EKLHORN BLVD
SACRAMENTO CA 95842
916- 338-5511

WALK INS WELCOME

ROSEVILLE
1265 PLEASANT GROVE BLVD.
916- 786-

Cell :
916- 396-8939
916-338-5511
Email:


ਆਪ ਸਭ ਨੂੰ ਨਵਾਂ ਸਾਲ 2016 ਮੁਬਾਰਕ। ਅਰਦਾਸ ਕਰਦੇ ਹਾਂ ਕਿ ਇਹ ਸਾਲ ਸਭ ਲਈ ਉਪਲਬਧੀਆਂ ਭਰਿਆ ਹੋਵੇ। ਇਹ ਸਾਲ ਸਾਰੀ ਮਨੁੱਖਤਾ ਦੇ ਲਈ ਖੁਸ਼ੀਆਂ ਖੇੜੇ ਲੈ ਕੇ ਆਵੇ।


Siddhartha INTERNATIONAL

ਨਵੇਂ ਸਾਲ 2016 ਦੀਆਂ




ਲੱਖ ਲੱਖ ਵਧਾਈਆਂ

FRESH VEGETABLES EVERY DAY









- Groceries
- Large Selection of Music
- Video & DVD Rental
- Video Conversion
- Pal and NTSC

10% Discount for Gurudwara or Mandir Grocery





36464 Fremont Blvd.
Fremont , CA 94536

Tel 510-792-8500,
Fax: 510-792-0103

# 'ਦਲਿਤ' ਕਹਿ ਕੇ ਤੇ ਗਰੀਬ ਮਨੁੱਖਾਂ ਨੂੰ ਆਪਣੇ ਸਮਾਜ ਵਿਚੋਂ ਛੇਕ ਕੇ

# ਕਦੋਂ ਤੱਕ ਬਾਬੇ ਨਾਨਕ ਦੇ 'ਹੁਕਮਨਾਮੇ' ਨੂੰ ਪੈਰਾਂ ਹੇਠ ਰੋਲਿਆ ਜਾਂਦਾ ਰਹੇਗਾ?

ਮਾਨਸਾ ਦੇ ਪਿੰਡ ਬੁਰਜ ਢਿਲਵਾਂ ਵਿਚ 10 ਦਲਿਤ ਪਰਿਵਾਰਾਂ ਨੂੰ ਪਿੰਡ ਵੱਲੋਂ 'ਛੇਕਣ' ਦਾ ਫੈਸਲਾ ਕੀਤਾ ਗਿਆ ਹੈ। ਛੇਕਣ ਦਾ ਫੈਸਲਾ ਇਸ ਲਈ ਕੀਤਾ ਗਿਆ ਕਿਉਂਕਿ ਇਹਨਾਂ ਪਰਿਵਾਰਾਂ ਨੇ ਆਪਣੇ ਘਰਾਂ ਦੇ ਬਾਹਰ ਖੁੱਲ੍ਹੇ ਨਾਲਿਆਂ ਨੂੰ ਢਕ ਦੇਣ ਦਾ ਆਰਜ਼ੀ ਪ੍ਰਬੰਧ ਕੀਤਾ ਸੀ। ਇਸ ਕਦਮ ਨਾਲ ਉਚ ਜਾਤੀ ਦੇ ਸਿਆਣਿਆਂ ਨੂੰ ਇੰਨਾ ਗੁੱਸਾ ਆਇਆ ਕਿ ਉਹਨਾਂ ਨੇ ਗੁਰਦੁਆਰਾ ਸਾਹਿਬ ਜਾਕੇ ਐਲਾਨ ਕਰ ਦਿੱਤਾ ਕਿ ਇਹਨਾਂ ਪਰਿਵਾਰਾਂ ਨੂੰ ਕੋਈ ਵੀ ਕੰਮ ਨਹੀਂ ਦੇਵੇਗਾ। 'ਉਚ ਜਾਤੀ' ਦੇ ਪਰਿਵਾਰਾਂ ਵੱਲੋਂ ਇਹਨਾਂ ਪਰਿਵਾਰਾਂ ਦਾ ਘਰ ਦਾ ਸਮਾਨ ਨਾਲੇ ਵਿਚ ਸੁੱਟ ਦਿੱਤਾ ਗਿਆ। ਇਹਨਾਂ ਪਰਿਵਾਰਾਂ ਨੇ ਇਹ ਵੀ ਦੋਸ਼ ਲਾਇਆ ਕਿ ਉਹਨਾਂ ਦੀਆਂ ਔਰਤਾਂ ਦੇ ਕੱਪੜੇ ਵੀ ਪਾੜ ਦਿੱਤੇ ਗਏ। ਹੁਣ ਇਸ ਮਾਮਲੇ ਨੇ ਸਿਆਸੀ ਮੋੜ ਵੀ ਲੈ ਲਿਆ ਹੈ ਕਿਉਂਕਿ ਇਸ ਪਿੱਛੇ ਇਕ ਅਕਾਲੀ ਆਗੂ ਦਾ ਹੱਥ ਦੱਸਿਆ ਜਾ ਰਿਹਾ ਹੈ। ਪਰ ਮੁੱਦਾ ਸਿਰਫ ਅਕਾਲੀ ਦਲ ਦੀ ਸ਼ਮੂਲੀਅਤ ਦਾ ਨਹੀਂ ਹੈ। ਇਹ ਮਾਮਲਾ ਸਿੱਖ ਧਰਮ ਨੂੰ ਮੰਨਣ ਵਾਲਿਆਂ ਲਈ ਬੜਾ ਸ਼ਰਮਨਾਕ ਮਾਮਲਾ ਹੈ। ਇਸ ਪਰਿਵਾਰ ਦੇ ਘਰ ਦੇ ਬਾਹਰੋਂ ਸ਼ਮਸ਼ਾਨ ਘਾਟ ਤੋਂ ਨਿਕਲਦਾ ਨਾਲਾ ਦੋ ਸਾਲ ਪਹਿਲਾਂ ਕੱਢਿਆ ਗਿਆ ਸੀ। ਉਸ ਨੂੰ ਢੱਕ ਦੇਣ ਵਿਰੁੱਧ ਉੱਚ ਜਾਤੀ ਦੇ ਲੋਕਾਂ ਦੇ ਇਤਰਾਜ਼ ਪਿੱਛੇ ਦਲੀਲ ਕੀ ਹੈ? ਕੀ ਉਹ ਇਹ ਚਾਹੁੰਦੇ ਹਨ ਕਿ ਛੋਟੀ ਜਾਤੀ ਦੇ ਲੋਕ ਗੰਦਗੀ ਅਤੇ ਬਦਬੂ ਵਿਚ ਰਹਿਣ ਤੇ ਅੱਗੇ ਨਾ ਵੱਧ ਸਕਣ?

ਅੱਜ ਜੋ ਕੁਝ ਸਿੱਖ ਧਰਮ ਵਿਚ ਹੋ ਰਿਹਾ ਹੈ, ਉਹ ਬਾਬਾ ਨਾਨਕ ਦੇ ਹੁਕਮਨਾਮਿਆਂ ਤੋਂ ਬਿਲਕੁਲ ਉਲਟ ਹੋ ਰਿਹਾ ਹੈ। ਇੰਝ ਲੱਗਦਾ ਹੈ ਜਿਵੇਂ ਸਿੱਖ ਕੌਮ ਬਾਬਾ ਨਾਨਕ ਦੇ ਹੁਕਮਾਂ ਨੂੰ ਭੁੱਲਦੀ ਜਾ ਰਹੀ ਹੈ ਤੇ ਉਹਨਾਂ ਦੇ ਆਉਣ ਤੋਂ ਪਹਿਲਾਂ ਵਾਲਾ ਮਾਹੌਲ ਮੁੜ ਤੋਂ ਬਣਦਾ ਜਾ ਰਿਹਾ ਹੈ। ਜਿਸ ਬਾਬੇ ਨਾਨਕ ਨੇ ਹਰ ਇਨਸਾਨ ਨੂੰ ਇਕ ਪਿਤਾ ਦੀ ਸੰਤਾਨ ਦੱਸਿਆ ਸੀ, ਅੱਜ ਉਸ ਧਰਮ ਵਿਚ ਇਸ ਤਰ੍ਹਾਂ ਦੀਆਂ ਗੱਲਾਂ ਕਿਵੇਂ ਬਰਦਾਸ਼ਤ ਕੀਤੀਆਂ ਜਾ ਰਹੀਆਂ ਹਨ?

'ਦਲਿਤ' ਸ਼ਬਦ ਦੀ ਵਰਤੋਂ ਹੀ ਸਿੱਖ ਫਲਸਫੇ ਦੀ ਬੇਅਦਬੀ ਹੈ। ਪਰ ਅੱਜ ਪੰਜਾਬ ਵਿਚ ਹੀ ਜਾਤ-ਪਾਤ ਦੀ ਵੰਡ ਮੁਤਾਬਕ ਗੁਰਦੁਆਰੇ ਬਣਾਏ ਜਾ ਰਹੇ ਹਨ। ਗੁਰਦੁਆਰਿਆਂ ਅੰਦਰ ਬੈਠ ਕੇ ਇਸ ਤਰ੍ਹਾਂ ਦਾ ਐਲਾਨ ਕਰਨ ਦੀ ਹਿੰਮਤ ਕਿਸ ਤਰ੍ਹਾਂ ਪੈਦਾ ਹੋ ਗਈ? ਗੁਰਦੁਆਰਾ ਸਾਹਿਬ ਦੇ ਗ੍ਰੰਥੀ, ਸਿੱਖੀ ਦੇ ਨਾਨਕੀ ਫਲਸਫੇ ਨੂੰ ਅੱਗੇ ਕਿਉਂ ਨਹੀਂ ਵਧਾ ਰਹੇ? ਸ਼੍ਰੋਮਣੀ ਕਮੇਟੀ ਜਾਤ-ਪਾਤ ਦੇ ਨਾਮ ਤੇ ਗੁਰਦੁਆਰਿਆਂ ਬਾਰੇ ਪੁਜਾਰੀਆਂ ਦੇ 'ਹੁਕਮਨਾਮੇ' ਕਿਉਂ ਨਹੀਂ ਕੱਢ ਰਹੀ? ਸ਼੍ਰੋਮਣੀ ਕਮੇਟੀ ਇਹਨਾਂ ਗੁਰਦੁਆਰਿਆਂ ਨੂੰ ਪ੍ਰਵਾਨਗੀ ਕਿਉਂ ਦੇ ਰਹੀ ਹੈ? ਅਬੋਹਰ ਕਾਂਡ ਵਿਚ ਇਕ 'ਦਲਿਤ' ਦਾ ਕਤਲ ਹੋਇਆ। ਕਤਲ ਦਾ ਕਾਰਨ ਆਪਸੀ ਰੰਜਿਸ਼ ਸੀ, ਸਿਆਸਤਦਾਨਾਂ ਦੇ ਤਹਿਖਾਨਿਆਂ ਵਿਚ ਬਾਗੀਆਂ ਨਾਲ ਹੁੰਦੇ ਵਤੀਰੇ ਦੀ ਇਕ ਝਲਕ ਸੀ ਜਾਂ ਇਹ ਦਰਿੰਦਗੀ, ਗੁੰਡਿਆਂ ਦਾ ਆਮ ਵਰਤਾਰਾ ਸੀ? ਇਸ ਤਰ੍ਹਾਂ ਦੇ ਗੁੰਡਿਆਂ ਨੂੰ ਕਿਸੇ ਵਪਾਰੀ ਨੇ ਆਪਣੇ ਕੰਮ ਲਈ ਕਿਉਂ ਰੱਖਿਆ ਹੋਇਆ ਹੈ? ਅੱਜ ਉਹ ਪਰਿਵਾਰ ਹਾਈ ਕੋਰਟ ਵਿਚ ਮਦਦ ਲੈਣ ਲਈ ਕਿਉਂ ਮਜਬੂਰ ਹੋ ਗਿਆ? ਸੋਚਣ ਵਾਲੀਆਂ ਗੱਲਾਂ ਤਾਂ ਹੋਰ ਵੀ ਹਨ ਪਰ ਜ਼ੋਰ 'ਦਲਿਤ' ਲਫਜ਼ ਤੇ ਦੇ ਕੇ ਅਸੀਂ ਜ਼ਾਤ-ਪਾਤ ਦੀ ਵੰਡ ਨੂੰ ਆਪ ਹੀ ਗਲਤ ਮੰਨ ਲਿਆ ਹੈ। ਕਾਂਗਰਸ ਦੇ ਦਲਿਤ ਆਗੂ ਹੀ ਕਿਉਂ ਅੱਗੇ ਆ ਕੇ ਉਸ ਕਤਲ ਦੀ ਲੜਾਈ ਲੜ ਰਹੇ ਹਨ? ਆਖਰ ਇਕ ਇਨਸਾਨ ਦਾ ਬੜੇ ਹੀ ਭਿਆਨਕ ਤਰੀਕੇ ਨਾਲ ਕਤਲ ਹੋਇਆ ਹੈ। ਸਾਰੇ ਪੰਜਬ ਨੂੰ ਇਸ ਲਈ ਆਵਾਜ਼ ਚੁੱਕਣ ਦੀ ਲੋੜ ਹੈ। ਲੋਕਾਂ ਨੂੰ ਆਪਸ ਵਿਚ ਵੰਡ ਕੇ ਸੱਤਾ ਵਿਚ ਟਿਕੇ ਰਹਿਣ ਦਾ ਸਿਆਸਤਦਾਨਾਂ ਨੂੰ ਹੀ ਫਾਇਦਾ ਹੁੰਦਾ ਹੈ। ਪਰ ਸਿੱਖਾਂ ਨੂੰ ਸੋਚਣ ਦੀ ਜ਼ਰੂਰਤ ਹੈ ਕਿ ਸਿੱਖੀ ਵਿਰੁੱਧ ਜਾ ਕੇ ਉਸ ਨੂੰ ਕੀ ਫਾਇਦਾ ਹੋਵੇਗਾ? ਜਦ ਗੁਰੂ ਗ੍ਰੰਥ ਸਾਹਿਬ ਦੇ ਪੰਨੇ ਪਾੜ-ਪਾੜ ਕੇ ਸੁੱਟੇ ਗਏ ਤਾਂ ਪੂਰਾ ਪੰਜਾਬ ਰੋਹ ਵਿਚ ਆ ਗਿਆ ਸੀ। ਪਰ ਇਸ ਮਾਮਲੇ ਵਿਚ ਤਾਂ ਬਾਬੇ ਨਾਨਕ ਦੇ ਫਲਸਫੇ ਨੂੰ ਹੀ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ। ਫਿਰ ਕਿਉਂ ਨਹੀਂ ਸਿੱਖ ਉਨ੍ਹਾਂ 10 ਪਰਿਵਾਰਾਂ ਦੇ ਦਰਦ ਨੂੰ ਸਮਝ ਰਹੇ?

**(ਧੰਨਵਾਦ ਸਹਿਤ ਰੋਜ਼ਾਨਾ ਸਪੋਕਸਮੈਨ)**

## ਪ੍ਰਮੋਟਰ ਜੱਸੀ ਬੰਗਾ ਦੇ ਸਹਿਯੋਗ ਨਾਲ ਤਿਆਰ ਗਾਇਕ ਗੁਰਬਖਸ਼ ਸ਼ੌਂਕੀ ਦਾ ਗੀਤ 'ਵਾਹ ਵਾਹ 2016' ਹੋਵੇਗਾ ਰੀਲੀਜ਼

**ਜਲੰਧਰ-** ਉਘੇ ਪ੍ਰਮੋਟਰ ਅਤੇ ਗੀਤਕਾਰ ਜੱਸੀ ਬੰਗਾ ਵਲੋਂ ਨਵੇਂ ਸਾਲ ਦੇ ਮੌਕੇ ਜਲੰਧਰ ਦੂਰਦਰਸ਼ਨ ਵਲੋਂ ਤਿਆਰ ਪ੍ਰੋਗਰਾਮ 'ਵਾਹ ਵਾਹ 2016' 'ਚ ਗਾਇਕ ਗੁਰਬਖਸ਼ ਸ਼ੌਂਕੀ ਦਾ ਗੀਤ ਖੂਬ ਧਮਾਲਾ ਪਾਵੇਗਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪ੍ਰਮੋਟਰ ਜੱਸੀ ਬੰਗਾ ਨੇ ਦੱਸਿਆ ਕਿ ਇਸ ਗੀਤ ਦਾ ਮਿਊਜ਼ਿਕ ਅਮਦਾਦ ਅਲੀ ਨੇ ਤਿਆਰ ਕੀਤਾ ਹੈ, ਜਦੋਂਕਿ ਇਸ ਗੀਤ ਦੇ ਗੀਤਕਾਰ ਖੁਦ ਜੱਸੀ ਬੰਗਾ ਅਤੇ ਬਲਵਿੰਦਰ ਭੌਰ ਜੀ ਹਨ। ਉਨ੍ਹਾਂ ਦੱਸਿਆ ਕਿ ਇਸ ਗੀਤ ਵਿਚ ਉਨ੍ਹਾਂ ਦੇ ਸਪੁੱਤਰ ਰੌਨੀ ਬੰਗਾ ਨੇ ਢੋਲ ਨੇ ਖੂਬ ਧਮਾਲਾਂ ਪਾਈਆਂ ਹਨ। ਇਹ ਪ੍ਰੋਗਰਾਮ 31 ਦਸੰਬਰ ਨੂੰ ਭਾਰਤੀ ਸਮੇਂ ਅਨੁਸਾਰ ਸ਼ਾਮ 9 ਤੋਂ 10 ਵਜੇ ਤੱਕ ਚੱਲੇਗਾ।



## ਡਾ. ਅੰਬੇਡਕਰ ਵੈਲਫੇਅਰ ਐਂਡ ਐਜੂਕੇਸ਼ਨ ਸੁਸਾਇਟੀ ਕਰੇਗੀ 1 ਜਨਵਰੀ 2016 ਨੂੰ ਨਵੇਂ ਮੁਫ਼ਤ ਸਿਲਾਈ ਕਢਾਈ ਸੈਂਟਰ ਦਾ ਆਰੰਭ

**ਜਲੰਧਰ-** ਡਾ. ਅੰਬੇਡਕਰ ਵੈਲਫੇਅਰ ਐਂਡ ਐਜੂਕੇਸ਼ਨ ਸੁਸਾਇਟੀ ਸੈਕਰਾਮੈਂਟੋ ਵਲੋਂ ਬੇਗਮਪੁਰਾ ਕਲਚਰਲ ਐਂਡ ਐਜੂਕੇਸ਼ਨ ਸੁਸਾਇਟੀ ਦੇ ਸਹਿਯੋਗ ਨਾਲ ਗਰੀਬ ਤੇ ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਨੂੰ ਸਿਲਾਈ ਕਢਾਈ ਦੀ ਸਿੱਖਿਆ ਦੇਣ ਲਈ ਨਵਾਂਸ਼ਹਿਰ ਦੇ ਬਲੱਡ ਡੋਨੇਸ਼ਨ ਕਲੌਨੀ ਗਲੀ ਨੰਬਰ 35 ਸਲੋਹ ਰੋਡ 'ਤੇ 1 ਜਨਵਰੀ 2016 ਨੂੰ ਸਿਲਾਈ ਕਢਾਈ ਸੈਂਟਰ ਦੀ ਆਰੰਭਤਾ ਕੀਤੀ ਜਾ ਰਹੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਉਘੇ ਪ੍ਰਮੋਟਰ ਤੇ ਸਮਾਜ ਸੇਵੀ ਜੱਸੀ ਬੰਗਾ ਨੇ ਦੱਸਿਆ ਕਿ ਗਰੀਬ ਤੇ ਲੋੜਵੰਦ ਲੜਕੀਆਂ ਨੂੰ ਸਿਲਾਈ ਕਢਾਈ ਦੀ ਸਿੱਖਿਆ ਦੇਣ ਲਈ ਉਪਰੋਕਤ ਸੁਸਾਇਟੀ ਵਲੋਂ ਸ੍ਰੀ ਲਸ਼ਕਰ ਸਿੰਘ ਬੱਧਣ ਅਤੇ ਇੰਦਰਜੀਤ ਪਡਵੱਗਾ ਦੇ ਪਰਿਵਾਰ ਦੇ ਸਹਿਯੋਗ ਨਾਲ ਇਸ ਸੈਂਟਰ ਦੀ ਆਰੰਭਤ ਕੀਤੀ ਜਾ ਰਹੀ ਹੈ, ਜਿਸ ਵਿਚ ਸ੍ਰੀ ਲਸ਼ਕਰ ਸਿੰਘ ਬੱਧਣ ਦੀ ਕੋਠੀ ਜੋ ਨਵਾਂਸ਼ਹਿਰ ਸਲੋਹ ਰੋਡ 'ਤੇ ਸਥਿਤ ਹੈ, ਵਿਚ ਇਹ ਸੈਂਟਰ ਚੱਲੇਗਾ। ਉਨ੍ਹਾਂ ਦੱਸਿਆ ਕਿ ਇਸ ਸੈਂਟਰ ਵਿਚ ਲੜਕੀਆਂ ਨੂੰ ਕਿੱਤਾ ਮੁੱਖੀ ਸਿੱਖਿਆ ਕੇ ਆਪਣੇ ਪੈਰਾਂ 'ਤੇ ਖੜੇ ਕਰਨਾ ਮੁੱਖ ਮੰਤਵ ਹੋਵੇਗਾ, ਜੋ ਬਿਲਕੁਲ ਮੁਫ਼ਤ ਸੇਵਾ ਹੋਵੇਗੀ।











ਟੀਚਰਜ਼ ਹੋਮ ਬਠਿੰਡਾ ਵਿਖੇ ਬੀਤੀ 25 ਦਸੰਬਰ ਨੂੰ ਦਲਿਤ ਕਵੀਆਂ ਵੱਲੋਂ ਦੂਜਾ ਕਵੀ ਸੰਮੇਲਨ ਆਯੋਜਿਤ ਕੀਤਾ ਗਿਆ। ਇਸ ਮੌਕੇ ਅੰਬੇਦਕਾਈਟ ਮੂਵਮੈਂਟ ਅਤੇ ਦਲਿਤ ਦਰਸ਼ਨ ਨੂੰ ਸਮਰਪਿਤ ਕਵਿਤਾਵਾਂ ਅਤੇ ਕਵੀਸ਼ਰੀ ਗਾਈ ਗਈ। ਇਹ ਪ੍ਰੋਗਰਾਮ ਪ੍ਰੋਫੈਸਰ ਗੁਰਨਾਮ ਸਿੰਘ ਮੁਕਤਸਰ ਦੀ ਸਰਪ੍ਰਸਤੀ ਅਤੇ ਸਾਗਰ ਸਿੰਘ ਸਾਗਰ ਦੀ ਪ੍ਰਧਾਨਗੀ ਹੇਠ ਹੋਇਆ।

## ਪੂਣਛਾਣ



ਪੰਮੀ 'ਲਾਲੋ ਮਜਾਰਾ'
95011-43755

* ਸਭ ਸਿਆਸੀ ਪਾਰਟੀਆਂ ਨੂੰ 2017 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਜਿੱਤਣ ਦਾ ਹੀ ਫਿਕਰ ਹੈ ਪਰ ਕਿਸੇ ਨੂੰ ਵੀ ਦਲਿਤਾਂ ਦੀਆਂ ਸਮੱਸਿਆਵਾਂ ਦਾ ਫਿਕਰ ਨਹੀਂ ਹੈ। ਦਲਿਤ ਜਾਣ ਢੱਠੇ ਖੂਹ 'ਚ। ਬਸਪਾ ਨੂੰ ਛੱਡ ਕੇ ਦਲਿਤ ਕਿਸੇ ਵੀ ਪਾਰਟੀ ਦੇ ਏਜੰਡੇ 'ਤੇ ਨਹੀਂ। ਬੱਸ ਬਾਕੀ ਸਭ ਪਾਰਟੀਆਂ ਇਹੀ ਸੋਚਦੀਆਂ ਹਨ ਕਿ ਦਲਿਤਾਂ ਨਾਲ ਉਹ ਵਾਅਦੇ ਨਾ ਕੀਤੇ ਜਾਣ, ਜਿਹਦੇ ਨਾ ਪੰਜਾਬ ਦੇ ਜੱਟ ਜਾਂ ਸਿੱਖ ਵੋਟਰ ਨਰਾਜ਼ ਹੋ ਜਾਣ। ਵੈਸੇ ਵੇਖਿਆ ਜਾਵੇ ਤਾਂ ਇੱਥੇ ਲੂਣ ਦੀਆਂ ਡਲੀਆਂ ਨੂੰ ਕੌਣ ਪੁੱਛਦੈ। ਪਰ ਐਨਾ ਕੁ ਤਾਂ ਕੌੜਾ ਸੱਚ ਇਹ ਵੀ ਹੈ ਕਿ ਦਾਲ ਜਾਂ ਸਬਜ਼ੀ ਕਿੰਨੀ ਵੀ ਮਹਿੰਗੀ ਕਿਉਂ ਨਾ ਹੋਵੇ, ਲੂਣ ਤੋਂ ਬਿਨਾਂ ਬਣ ਵੀ ਨਹੀਂ ਸਕਦੀ। ਤੇ ਹੋ ਸਕਦਾ ਜਿਹਨਾਂ ਲੋਕਾਂ ਦਾ ਅਸੀਂ ਲੂਣ ਨਾਲ ਤੁਲਨਾਤਮਕ ਅਧਿਐਨ ਕਰਦੇ ਹਾਂ, ਉਹਨਾਂ ਲੋਕਾਂ ਤੋਂ ਬਿਨਾਂ 2017 ਦੀ ਸਰਕਾਰ ਨਾ ਹੀ ਬਣੇ।

* ਜਦੋਂ ਸੀ. ਬੀ. ਆਈ. ਦੇ ਪ੍ਰਧਾਨ ਸਚਿਵ ਤੇ ਛਾਪਾ ਮਾਰ ਕੇ ਕੁਝ ਫਾਇਲਾਂ ਨਾਲ ਲੈ ਕੇ ਤੁਰ ਜਾਂਦੀ ਹੈ ਤਾਂ ਸਾਰੀ ਦੀ ਸਾਰੀ ਆਮ ਆਦਮੀ ਪਾਰਟੀ ਧੁਰ ਅੰਦਰ ਤੱਕ ਹਿੱਲ ਜਾਂਦੀ ਹੈ। ਸਮਝ ਨੀ ਆਉਂਦੀ ਆਖਿਰ ਕਿਉਂ? ਤੇ ਜਦ ਅਰੁਣ ਜੇਤਲੀ ਤੇ ਡੀ. ਡੀ. ਸੀ. ਏ. ਦੇ ਕਰੋੜਾਂ ਰੁਪਈਆਂ ਦੇ ਫੰਡਾਂ ਦੀ ਗਲਤ ਵਰਤੋਂ ਦੇ ਇਲਜ਼ਾਮ ਲੱਗਦੇ ਹਨ ਤਾਂ ਅਰੁਣ ਜੇਤਲੀ ਦਿੱਲੀ ਦੀ ਇਕ ਅਦਾਲਤ 'ਚ ਆਮ ਆਦਮੀ ਪਾਰਟੀ ਦੇ ਬੁਲਾਰਿਆਂ ਤੇ 10 ਕਰੋੜ ਦਾ ਮਾਣਹਾਨੀ ਦਾ ਕੇਸ ਕਰਨ ਤੁਰ ਪੈਂਦੇ ਹਨ। ਜਦਕਿ ਉਹਦੇ ਖਿਲਾਫ ਮੋਰਚਾ ਉਹਦੀ ਪਾਰਟੀ ਦੇ ਹੀ ਦਰਭੰਗਾ ਤੋਂ ਸਾਂਸਦ ਕੀਰਤੀ ਆਜ਼ਾਦ ਸਭ ਤੋਂ ਪਹਿਲਾਂ ਖੋਲ੍ਹਦੇ ਹਨ। ਪਰ ਉਹਦੇ 'ਤੇ ਜੇਤਲੀ ਮਾਣਹਾਨੀ ਦਾ ਕੇਸ ਕਿਉਂ ਨਹੀਂ ਕਰਦੇ। ਉਧਰ ਪ੍ਰਧਾਨ ਮੰਤਰੀ ਜਿਹੜੇ ਇਹ ਕਹਿੰਦੇ ਨਹੀਂ ਸੀ ਥੱਕਦੇ ਕਿ ਨਾ ਖਾਊਂਗਾ, ਨਾ ਕਿਸੇ ਨੂੰ ਖਾਣ ਦਿਊਂਗਾ, ਉਹ ਝੱਟਪਟ ਜੇਤਲੀ ਨੂੰ ਕਲੀਨ ਚਿੱਟ ਦੇ ਦਿੰਦੇ ਹਨ। ਮੋਦੀ ਸਾਹਿਬ ਕਲੀਨ ਚਿੱਟ ਦੇਣਾ ਤਾਂ ਸੀ. ਬੀ. ਆਈ. ਦਾ ਕੰਮ ਹੈ, ਤੁਹਾਡਾ ਕੰਮ ਤਾਂ ਸ਼ਾਇਦ ਵਿਰੋਧੀਆਂ ਲਈ ਸੀ. ਬੀ. ਆਈ. ਦੀ ਦੁਰਵਰਤੋਂ ਕਰਨਾ ਹੀ ਹੈ। ਰੱਬ ਰਾਖਾ।

* ਬਸਪਾ ਅਤੇ ਕਾਂਗਰਸ ਦੀਆਂ ਗੱਠਜੋੜ ਕਨਸੋਆਂ ਦਰਮਿਆਨ ਲਾਲੀ ਦਲਿਤਾਂ ਦੇ ਚਿਹਰਿਆਂ 'ਤੇ ਵੀ ਵੇਖਣ ਨੂੰ ਮਿਲ ਰਹੀ ਹੈ ਤੇ ਖੂਨ 'ਚ ਤਾਜ਼ਗੀ ਕਾਂਗਰਸੀਆਂ ਦੇ ਵੀ ਵੇਖਣ ਨੂੰ ਮਿਲ ਰਹੀ ਹੈ। ਅਕਾਲੀ ਸਰਕਾਰ 'ਚ ਕੁੱਟ ਕਾਂਗਰਸੀਆਂ ਦੇ ਵੀ ਬਹੁਤ ਪਈ ਹੈ ਤੇ ਤਸ਼ੱਦਦ ਦਲਿਤਾਂ 'ਤੇ ਵੀ ਕਹਿਰ ਦਾ ਹੋਇਐ। ਸਿਆਸੀ ਪਾਰੀ ਕੈਪਟਨ ਦੀ ਵੀ ਆਖਰੀ ਹੈ ਤੇ ਪੰਜਾਬ ਦੀ ਸਿਆਸਤ 'ਚ ਆਪਣੇ ਆਪ ਨੂੰ ਪ੍ਰਪੱਕ ਸਾਬਤ ਕਰਨ ਦੀ ਕੋਸ਼ਿਸ਼ ਅਵਤਾਰ ਸਿੰਘ ਕਰੀਮਪੁਰੀ ਦੀ ਵੀ ਆਖਰੀ ਹੀ ਹੈ। ਜਿਹੜਾ ਟਰੇਲਰ ਕਾਂਗਰਸ ਨੂੰ, ਕਿਸੇ ਵਕਤ ਅਕਾਲੀਆਂ ਨਾਲ ਮਿਲ ਕੇ ਸਾਹਿਬ ਸ੍ਰੀ ਕਾਂਸ਼ੀ ਰਾਮ ਨੇ ਗਿੱਦੜਬਾਹੇ ਦੀ ਉਪ ਚੋਣ 'ਚ ਦਿਖਾਇਆ ਸੀ, ਉਹੀ ਟਰੇਲਰ ਹੁਣ ਸ੍ਰੀ ਖਡੂਰ ਸਾਹਿਬ ਦੀ ਜਨਵਰੀ 'ਚ ਹੋ ਰਹੀ ਉਪ-ਚੋਣ 'ਚ ਕਰੀਮਪੁਰੀ, ਕਾਂਗਰਸ ਨਾਲ ਮਿਲ ਕੇ ਅਕਾਲੀਆਂ ਨੂੰ ਦਿਖਾ ਸਕਦੈ। ਕੈਪਟਨ ਤੇ ਕਰੀਮਪੁਰੀ, ਪਟਿਆਲੇ ਤੋਂ ਲੈ ਕੇ ਗੜ੍ਹਸ਼ੰਕਰ ਤੱਕ ਪੰਜਾਬ ਦੀ 2017 ਦੀ ਸਿਆਸਤ 'ਚ ਕੋਈ ਨਵੀਂ-ਨਵੀਂ ਇਬਾਰਤ ਲਿਖ ਦੇਣ ਤਾਂ ਕਿਸੇ ਨੂੰ ਕੋਈ ਹੈਰਾਨੀ ਨਹੀਂ ਹੋਣੀ ਚਾਹੀਦੀ। ਰੱਬ ਰਾਖਾ

## ਸੰਧੂ-ਰਾਜੋਆਣਾ ਮਾਮਲਾ: ਤੱਥਾਂ ਦੀ ਜਾਂਚ ਟਰੁੱਥ ਕਮਿਸ਼ਨ ਤੋਂ ਕਰਵਾਉਣ ਦੀ ਮੰਗ

**ਪਟਿਆਲਾ-** ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਨੇ ਪੰਜਾਬ ਵਿੱਚ ਮੀਡੀਆ ਕਰਮੀਆਂ 'ਤੇ ਹੋ ਰਹੇ ਹਮਲਿਆਂ ਅਤੇ ਕਥਿਤ ਤੌਰ 'ਤੇ ਝੂਠੇ ਕੇਸ ਦਰਜ ਕਰਨ ਦੇ ਵਿਰੋਧ ਵਿੱਚ ਇਨਸਾਫ਼ ਪਸੰਦ ਜਥੇਬੰਦੀਆਂ ਨੂੰ ਸੱਦਾ ਦਿੰਦਿਆਂ ਕਿਹਾ ਹੈ ਕਿ ਉਹ ਪੰਜਾਬ ਸਰਕਾਰ 'ਤੇ ਦਬਾਅ ਬਣਾਉਣ ਤਾਂ ਜੋ ਕਥਿਤ ਤੌਰ 'ਤੇ ਸੀਨੀਅਰ ਪੱਤਰਕਾਰ ਕੰਵਰ ਸੰਧੂ ਅਤੇ ਬਲਤੇਜ ਪੰਨੂ ਖ਼ਿਲਾਫ਼ ਹੋਈ ਗ਼ਲਤ ਕਾਰਵਾਈ ਸਬੰਧੀ ਸਹੀ ਤੱਥ ਸਾਹਮਣੇ ਲਿਆਂਦੇ ਜਾ ਸਕਣ। ਡਾ. ਗਾਂਧੀ ਨੇ ਇੱਥੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਕੰਵਰ ਸੰਧੂ ਵੱਲੋਂ ਸਾਬਕਾ ਪੁਲੀਸ ਮੁਲਾਜ਼ਮ ਗੁਰਮੀਤ ਸਿੰਘ ਪਿੰਕੀ ਦੀ ਲਈ ਗਈ ਇੰਟਰਵਿਊ ਸਬੰਧੀ ਤੱਥਾਂ ਦੀ ਪੜਤਾਲ ਕਰਨ ਲਈ 'ਟਰੁੱਥ ਕਮਿਸ਼ਨ' ਬਣਾਇਆ ਜਾਵੇ ਤਾਂ ਜੋ ਪੁਲੀਸ ਵੱਲੋਂ ਕੀਤੇ ਗ਼ੈਰ-ਮਨੁੱਖੀ ਕਾਰਿਆਂ ਦਾ ਸੱਚ ਸਾਹਮਣੇ ਆ ਸਕੇ। ਡਾ. ਗਾਂਧੀ ਨੇ ਕਿਹਾ ਕਿ ਉਨ੍ਹਾਂ ਨੂੰ ਸ਼ੱਕ ਹੈ ਕਿ ਪੁਲੀਸ ਵੱਲੋਂ ਕੰਵਰ ਸੰਧੂ 'ਤੇ ਪਟਿਆਲਾ ਜੇਲ੍ਹ ਵਿੱਚ ਵਾਪਰੀ ਘਟਨਾ ਸਬੰਧੀ ਕੇਸ ਦਰਜ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਇਸ ਦਾ ਆਧਾਰ ਉਸ ਫੁਟੇਜ ਨੂੰ ਬਣਾਇਆ ਜਾ ਰਿਹਾ ਹੈ, ਜੋ ਉਸ ਸਮੇਂ ਬਣੀ ਜਦੋਂ ਜੇਲ੍ਹ ਮੁਲਾਜ਼ਮ ਕੰਵਰ ਸੰਧੂ ਤੋਂ ਸਰਹਿੰਦ ਵਿੱਚ ਮੁਲਾਕਾਤ ਸਬੰਧੀ ਦਸਤਖ਼ਤ ਲੈਣ ਗਏ। ਜਦਕਿ ਇਹ ਸਾਰਾ ਕੰਮ ਤਾਂ ਜੇਲ੍ਹ ਮੁਲਾਜ਼ਮ ਮੌਕੇ 'ਤੇ ਹੀ ਕਰਵਾ ਲੈਂਦੇ ਹਨ। ਇਸ ਵਿੱਚ ਕੰਵਰ ਸੰਧੂ ਦਾ ਕੋਈ ਦੋਸ਼ ਨਜ਼ਰ ਨਹੀਂ ਆ ਰਿਹਾ। ਉਨ੍ਹਾਂ ਕਿਹਾ ਕਿ ਪਿੰਕੀ ਵੱਲੋਂ ਕੀਤੇ ਖੁਲਾਸਿਆਂ ਵਿੱਚ ਪੁਲੀਸ ਅਧਿਕਾਰੀਆਂ ਅਤੇ ਬਲਵੰਤ ਸਿੰਘ ਰਾਜੋਆਣਾ ਦੀਆਂ ਕਾਰਵਾਈਆਂ ਸਾਹਮਣੇ ਆਈਆਂ ਹਨ। ਉਨ੍ਹਾਂ ਕਿਹਾ ਕਿ ਜੇਕਰ ਰਾਜੋਆਣਾ ਸਹੀ ਸੀ ਤਾਂ ਉਹ ਆਪਣੀ ਭੈਣ ਜ਼ਰੀਏ ਸੱਦੇ ਪੱਤਰਕਾਰ ਕੰਵਰ ਸੰਧੂ ਅੱਗੇ ਸੱਚ ਬਿਆਨ ਕਰ ਸਕਦਾ ਸੀ। ਪਰ ਰਾਜੋਆਣਾ ਵੱਲੋਂ ਕਥਿਤ ਤੌਰ 'ਤੇ ਇੱਕ ਸਾਜ਼ਿਸ਼ ਤਹਿਤ ਕੰਵਰ ਸੰਧੂ ਨੂੰ ਬੇਇੱਜ਼ਤ ਕਰਨ ਵੱਲ ਹੱਥ ਵਧਾਇਆ ਗਿਆ। ਡਾ. ਗਾਂਧੀ ਨੇ ਕਿਹਾ ਕਿ ਦੋਸ਼ੀ ਤਾਂ ਨਿਰਪੱਖ ਪੜਤਾਲ ਵਿੱਚ ਸਾਹਮਣੇ ਆਵੇਗਾ, ਜਿਸ ਨੇ ਕੰਵਰ ਸੰਧੂ ਨੂੰ ਸਾਜਿਸ਼ ਤਹਿਤ ਜੇਲ੍ਹ ਵਿੱਚ ਸੱਦਿਆ।

# ਵਿਸ਼ਾਲ ਨਗਰ ਕੀਰਤਨ ਨਾਲ ਸ਼ਹੀਦੀ ਜੋੜ ਮੇਲਾ ਸਮਾਪਤ

**ਫਤਹਿਗੜ੍ਹ ਸਾਹਿਬ–** ਸ੍ਰੀ ਗੁਰੂ ਗੋਬਿੰਦ ਸਿੰਘ ਦੇ ਮਾਤਾ ਗੁਜਰੀ ਤੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਹਿ ਸਿੰਘ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਸ਼੍ਰੋਮਣੀ ਕਮੇਟੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਇਤਿਹਾਸਕ ਗੁਰਦੁਆਰਾ ਫਤਹਿਗੜ੍ਹ ਸਾਹਿਬ ਤੋਂ ਗੁਰਦੁਆਰਾ ਸ੍ਰੀ ਜੋਤੀ ਸਰੂਪ ਤੱਕ ਨਗਰ ਕੀਰਤਨ ਸਜਾਇਆ ਗਿਆ। ਫੁੱਲਾਂ ਨਾਲ ਸਜੀ ਸੁਨਹਿਰੀ ਪਾਲਕੀ ਵਾਲੀ ਗੱਡੀ 'ਚ ਸੁਸ਼ੋਭਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਨੇ ਚੌਰ ਸਾਹਿਬ ਦੀ ਸੇਵਾ ਨਿਭਾਈ। ਨਗਰ ਕੀਰਤਨ 'ਚ ਧਾਰਮਿਕ ਸਭਾ ਸੁਸਾਇਟੀਆਂ, ਗੱਤਕਾ ਪਾਰਟੀਆਂ, ਵੱਖ-ਵੱਖ ਸਕੂਲਾਂ/ਕਾਲਜਾਂ ਦੇ ਬੈਂਡ ਤੇ ਵੱਡੀ ਗਿਣਤੀ 'ਚ ਸਤਿਨਾਮ-ਵਾਹਿਗੁਰੂ ਦਾ ਜਾਪ ਕਰਦੀਆਂ ਹੋਈਆਂ ਪੈਦਲ ਸੰਗਤਾਂ ਨੇ ਸ਼ਮੂਲੀਅਤ ਕੀਤੀ।ਨਗਰ ਕੀਰਤਨ ਮਾਤਾ ਗੁਜਰੀ ਕਾਲਜ, ਜ਼ਿਲ੍ਹਾ ਕਚਹਿਰੀਆਂ, ਗੁਰਦੁਆਰਾ



ਸਾਹਿਬ ਪਾਤਸ਼ਾਹੀ ਛੇਵੀਂ ਪੂਲਾਂ, ਬਾਬਾ ਜੋਰਾਵਰ ਸਿੰਘ ਤੇ ਬਾਬਾ ਫ਼ਤਹਿ ਸਿੰਘ ਸੀਨੀਅਰ ਸੈਕੰਡਰੀ ਸਕੂਲ ਤੇ ਬਾਬਾ ਬੰਦਾ ਸਿੰਘ ਬਹਾਦਰ ਇੰਜੀਨੀਅਰਿੰਗ ਕਾਲਜ ਤੋਂ ਹੁੰਦਾ ਹੋਇਆ ਗੁਰਦੁਆਰਾ ਸ੍ਰੀ ਜੋਤੀ ਸਰੂਪ ਪੁੱਜ ਕੇ ਅਰਦਾਸ ਉਪਰੰਤ ਸਮਾਪਤ ਹੋਇਆ।

ਗੁਰਦੁਆਰਾ ਜੋਤੀ ਸਰੂਪ ਵਿਖੇ ਸਜੇ ਦੀਵਾਨ ਵਿੱਚ ਭਾਈ ਪੰਜਾਬ ਸਿੰਘ ਤੇ ਭਾਈ ਰਣਜੀਤ ਸਿੰਘ ਗੁਰਦੁਆਰਾ ਫਤਹਿਗੜ੍ਹ ਸਾਹਿਬ, ਭਾਈ ਗੁਰਜੰਟ ਸਿੰਘ ਗੁਰਦੁਆਰਾ ਸ੍ਰੀ ਦੁੱਖ ਨਿਵਾਰਨ ਸਾਹਿਬ ਪਟਿਆਲਾ, ਭਾਈ ਕਰਨੈਲ ਸਿੰਘ ਹਜ਼ੂਰੀ ਰਾਗੀ ਜਥਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਰਾਗੀ ਜਥਿਆਂ ਨੇ ਇਲਾਹੀ ਬਾਣੀ ਦੇ ਕੀਰਤਨ ਰਾਹੀਂ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ। ਇਸ ਮੌਕੇ ਅਕਾਲੀ ਜਥਾ ਸ੍ਰੀ ਅਨੰਦਪੁਰ ਸਾਹਿਬ ਨੇ ਵੀ ਤੰਤੀ ਸਾਜਾਂ ਰਾਹੀਂ ਸੰਗਤਾਂ ਨੂੰ ਧੁਰ ਕੀ ਬਾਣੀ ਦੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ।

# ਐਤਕੀ ਪੰਜਾਬੀ ਗਾਇਕ ਕਿਸੇ ਵੀ ਰਾਜਨੀਤਕ ਪਾਰਟੀ ਨੂੰ ਨਹੀ ਦੇਣਗੇ ਹਮਾਇਤ

**ਚੰਡੀਗੜ੍ਹ–** ਪਿਛਲੇ ਸਾਲ ਲੋਕ ਸਭਾ ਚੋਣਾਂ ਦੌਰਾਨ ਪੰਜਾਬ ਵਿੱਚ ਸਿਆਸੀ ਪਾਰਟੀਆਂ ਤੇ ਖਾਸ ਕਰਕੇ ਸ਼੍ਰੋਮਣੀ ਅਕਾਲੀ ਦਲ ਦੀ ਹਮਾਇਤ ਕਰਨ 'ਤੇ ਪੰਜਾਬੀ ਗਾਇਕਾਂ ਨੂੰ ਆਪਣੇ ਪ੍ਰਸ਼ੰਸਕਾਂ ਦੇ ਵੱਡੇ ਰੋਸ ਦਾ ਸਾਹਮਣਾ ਕਰਨਾ ਪਿਆ ਸੀ। ਇਸ ਕਾਰਨ ਪੰਜਾਬੀ ਗਾਇਕਾਂ ਨੇ ਪਹਿਲਾਂ ਵਾਲੀ ਗ਼ਲਤੀ ਨਾ ਕਰਦਿਆਂ ਇਸ ਵਾਰ ਸਿਆਸੀ ਪ੍ਰਚਾਰ ਤੋਂ ਦੂਰ ਰਹਿਣ ਦਾ ਫੈਸਲਾ ਕੀਤਾ ਹੈ। ਮਸ਼ਹੂਰ ਪੰਜਾਬੀ ਗਾਇਕਾਂ ਤੇ ਕਾਮੇਡੀਅਨਾਂ ਨੇ ਇਸ ਵਾਰ ਸਿਆਸੀ ਰੈਲੀਆਂ ਤੋਂ ਦੂਰੀ ਬਣਾ ਕੇ ਰੱਖਣ ਦੀ ਨੀਤੀ ਅਪਣਾਈ ਹੈ। ਇਸ ਵਾਰ ਸਿਆਸੀ ਪਾਰਟੀਆਂ ਨੂੰ ਵੀ ਚੋਣ ਪ੍ਰਚਾਰ ਬਿਨਾਂ ਗਾਇਕਾਂ ਤੋਂ ਕਰਨਾ ਪੈਣਾ ਦਿਖਾਈ ਦੇ ਰਿਹਾ ਹੈ, ਕਿਉਂਕਿ ਬਹੁਤੇ ਪੰਜਾਬੀ ਗਾਇਕ ਕਿਸੇ ਵੀ ਪਾਰਟੀ ਦੇ ਸਿਆਸੀ ਪ੍ਰਚਾਰ ਜਾਂ ਚੋਣ ਰੈਲੀ ਵਿੱਚ ਭਾਗ ਨਹੀਂ ਲੈਣਗੇ। ਇਸ ਸਾਲ ਫਿਲਮ ਅੰਗਰੇਜ਼ ਰਾਹੀਂ ਚੰਗਾ ਨਾਮਣਾ ਖੱਟਣ ਵਾਲੇ ਪੰਜਾਬੀ ਗਾਇਕ ਤੇ ਅਦਾਕਾਰ ਅਮਰਿੰਦਰ ਗਿੱਲ ਦਾ ਕਹਿਣਾ ਹੈ, 'ਮੈਂ ਸਿਆਸਤਦਾਨਾਂ ਨੂੰ ਸਿਰਫ਼ ਨਾਂਹ ਵਿੱਚ ਹੀ ਜਵਾਬ ਦੇਵਾਂਗਾ। ਉਨ੍ਹਾਂ ਨੂੰ ਕਹਿ ਦਿੱਤਾ ਹੈ ਕਿ ਮੈਂ ਕਿਸੇ ਵੀ ਸਿਆਸੀ ਪਾਰਟੀ ਨੂੰ ਹਮਾਇਤ ਨਹੀਂ ਕਰਦਾ ਤੇ ਨਾ ਹੀ ਭਵਿੱਖ ਵਿੱਚ ਕਰਾਂਗਾ।' ਅਮਰਿੰਦਰ ਗਿੱਲ ਵੱਲੋਂ ਇਹ ਬਿਆਨ ਉਸ ਸਮੇਂ ਦਿੱਤਾ ਗਿਆ ਹੈ ਜਦੋਂ ਪੰਜਾਬ ਵਿਧਾਨ ਸਭਾ ਚੋਣਾਂ 2017 ਲਈ ਸਿਆਸੀ ਪਾਰਟੀਆਂ ਪੂਰੀ ਤਰ੍ਹਾਂ ਸਰਗਰਮ ਹਨ। ਅਮਰਿੰਦਰ ਗਿੱਲ ਨੇ ਕਿਹਾ ਕਿ ਕਈ ਸਿਆਸੀ ਪਾਰਟੀਆਂ ਨੇ ਚੋਣ ਪ੍ਰਚਾਰ ਲਈ ਉਸ ਨਾਲ ਸੰਪਰਕ ਕੀਤਾ ਹੈ। ਉਨ੍ਹਾਂ ਕਿਹਾ ਕਿ ਹਰ ਸਿਆਸੀ ਪਾਰਟੀ ਨੂੰ ਮਨ੍ਹਾਂ ਕਰਨਾ ਮੁਸ਼ਕਲ ਹੈ, ਪਰ ਉਹ ਹਮੇਸ਼ਾ ਸਿਆਸਤ ਤੋਂ ਦੂਰ ਰਿਹਾ ਹੈ ਤੇ 2017 ਦੀਆਂ ਚੋਣਾਂ ਦੌਰਾਨ ਵੀ ਇਸ ਤੋਂ ਦੂਰੀ ਬਣਾ ਕੇ ਰੱਖੇਗਾ। ਅਮਰਿੰਦਰ ਗਿੱਲ ਹੀ ਇਕੱਲਾ ਪੰਜਾਬੀ ਗਾਇਕ ਨਹੀਂ ਹੈ ਜਿਸ ਨੇ ਚੋਣ ਪ੍ਰਚਾਰ ਤੋਂ ਇਨਕਾਰ ਕੀਤਾ ਹੈ ਬਲਕਿ ਪੰਜਾਬ ਦੇ ਬਹੁਤੇ ਗਾਇਕਾਂ ਤੇ ਕਾਮੇਡੀਅਨਾਂ ਦਾ ਵੀ ਇਹੀ ਫੈਸਲਾ ਹੈ। ਪੰਜਾਬੀ ਗਾਇਕ ਰੌਸ਼ਨ ਪ੍ਰਿੰਸ ਨੇ ਪਿਛਲੇ ਸਾਲ ਲੋਕ ਸਭਾ ਚੋਣਾਂ ਦੌਰਾਨ ਇੱਕ ਪ੍ਰੋਗਰਾਮ ਵਿੱਚ ਪੇਸ਼ਕਾਰੀ ਦੇਣ ਦੀ ਘਟਨਾ ਦੱਸੀ ਜੋ ਕਾਂਗਰਸ ਪਾਰਟੀ ਵੱਲੋਂ ਕਰਾਇਆ ਗਿਆ ਸੀ। ਉਸ ਨੇ ਦੱਸਿਆ ਕਿ ਇਸ ਦੌਰਾਨ ਉਸ ਨੇ ਕੁਝ ਨਹੀਂ ਕੀਤਾ ਸੀ। ਉਹ ਸਿਰਫ਼ ਪ੍ਰੋਗਰਾਮ ਪੇਸ਼ ਕਰਕੇ ਚਲਾ ਗਿਆ ਸੀ। ਇੱਕ ਹੋਰ ਪੰਜਾਬੀ ਗਾਇਕ ਰਣਜੀਤ ਬਾਵਾ ਨੇ ਕਿਹਾ ਕਿ ਉਹ ਆਪਣੇ ਪ੍ਰਸ਼ੰਸਕਾਂ ਨੂੰ ਮੂਰਖ਼ ਨਹੀਂ ਬਣਾ ਸਕਦਾ। ਮੇਰੇ ਉੱਪਰ ਇੱਕ ਜ਼ਿੰਮੇਵਾਰੀ ਹੈ ਤੇ ਮੈਂ ਉਹ ਪੂਰੀ ਕਰਨੀ ਹੈ। ਉਨ੍ਹਾਂ ਦੱਸਿਆ ਕਿ ਗਾਇਕੀ ਤੋਂ ਸਿਆਸਤ ਵਿੱਚ ਆਏ ਬਲਕਾਰ ਸਿੱਧੂ ਅਤੇ ਭਗਵੰਤ ਮਾਨ ਨੇ ਉਨ੍ਹਾਂ ਨਾਲ ਸੰਪਰਕ ਕੀਤਾ ਸੀ। ਉਸ ਵੱਲੋਂ ਮਨ੍ਹਾਂ ਕਰਨ 'ਤੇ ਉਹ ਨਾਰਾਜ਼ ਤਾਂ ਹੋਏ, ਪਰ ਉਹ ਉਨ੍ਹਾਂ ਦੀ ਗੱਲ ਮੰਨ ਕੇ ਆਪਣੇ ਪ੍ਰਸ਼ੰਸਕਾਂ ਨੂੰ ਗ਼ਲਤ ਸੁਨੇਹਾ ਨਹੀਂ ਦੇਣਾ ਚਾਹੁੰਦਾ।

## ਅੱਠ ਹਜ਼ਾਰ ਕਿਲੋ ਦੇ ਲੱਡੂ ਨੇ ਬਣਾਇਆ ਰਿਕਾਰਡ

**ਰਾਜਾਮੁੰਦਰੀ (ਆਂਧਰਾ ਪ੍ਰਦੇਸ਼)–** ਗਣੇਸ਼ ਉਤਸਵ ਦੌਰਾਨ ਇੱਥੋਂ ਦੀ ਇਕ ਹਲਵਾਈ ਦੀ ਦੁਕਾਨ ਦਾ ਬਣਿਆ ਲੱਡੂ ਲਗਾਤਾਰ ਪੰਜਵੇਂ ਸਾਲ ਆਪਣੀ ਤਰ੍ਹਾਂ ਦੀ ਸਭ ਤੋਂ ਵੱਡੀ ਮਠਿਆਈ ਵਜੋਂ ਗਿੰਨੀਜ਼ ਰਿਕਾਰਡ ਵਿੱਚ ਦਰਜ ਕੀਤਾ ਗਿਆ। ਤਪਾਸਵਰਮ ਦੀ ਸ੍ਰੀ ਭਗਤੀ ਅਨਜਾਨਿਆ ਸਵੀਟਸ ਦੇ ਮਾਲਕ ਸਾਲਾਦੀ ਵੈਂਕਟੇਸਵਰਾ ਰਾਓ ਨੇ ਦੱਸਿਆ ਕਿ ਉਨ੍ਹਾਂ ਨੂੰ ਗਿੰਨੀਜ਼ ਵਰਲਡ ਰਿਕਾਰਡਜ਼ ਸਰਟੀਫਿਕੇਟ ਕੱਲ੍ਹ ਸ਼ਾਮੀਂ ਮਿਲਿਆ। ਰਾਓ ਦੀ ਟੀਮ ਨੇ ਵਿਸ਼ਾਖਾਪਟਨਮ ਵਿੱਚ ਭਗਵਾਨ ਗਣੇਸ਼ ਦੀ ਮੂਰਤੀ 'ਤੇ ਚੜ੍ਹਾਉਣ ਲਈ 8369 ਕਿਲੋ ਦਾ ਲੱਡੂ ਸਤੰਬਰ ਵਿੱਚ ਤਿਆਰ ਕੀਤਾ ਸੀ। ਸਭ ਤੋਂ ਪਹਿਲਾਂ ਉਨ੍ਹਾਂ 2011 ਵਿੱਚ 5570 ਕਿਲੋ ਦਾ ਲੱਡੂ ਤਿਆਰ ਕਰ ਕੇ ਇਹ ਰਿਕਾਰਡ ਆਪਣੇ ਨਾਂ ਕੀਤਾ। ਇਸ ਮਗਰੋਂ 2012 ਵਿੱਚ 6599 ਕਿਲੋ, 2013 ਵਿੱਚ 7132 ਕਿਲੋ ਅਤੇ 2014 ਵਿੱਚ 7858 ਕਿਲੋ ਦਾ ਲੱਡੂ ਤਿਆਰ ਕੀਤਾ ਸੀ।

## ਇਕੱਠੀਆਂ ਹੋਣਗੀਆਂ ਲੋਕ ਸਭਾ ਤੇ ਵਿਧਾਨ ਸਭਾ ਚੋਣਾਂ

**ਅੰਮ੍ਰਿਤਸਰ–** ਦੇਸ਼ ਦੇ ਮੁੱਖ ਚੋਣ ਕਮਿਸ਼ਨਰ ਡਾ. ਨਸੀਮ ਜ਼ੈਦੀ ਨੇ ਕਿਹਾ ਹੈ ਕਿ ਚੋਣ ਕਮਿਸ਼ਨ ਦੇਸ਼ ਵਿੱਚ ਲੋਕ ਸਭਾ ਤੇ ਵਿਧਾਨ ਸਭਾ ਚੋਣਾਂ ਇਕੱਠੀਆਂ ਕਰਵਾਉਣ ਦੇ ਹੱਕ ਵਿੱਚ ਹੈ ਪਰ ਇਹ ਸਿਆਸੀ ਸਿਹਿਮਤੀ ਤੋਂ ਬਿਨਾ ਮੁਮਕਿਨ ਨਹੀਂ। ਜ਼ੈਦੀ ਅੱਜ ਪੰਜਾਬ ਵਿੱਚ ਵੋਟਾਂ ਦੀ ਚੱਲ ਰਹੀ ਸਰਸਰੀ ਸੁਧਾਈ ਦੇ ਕੰਮਕਾਜ਼ ਦਾ ਜਾਇਜ਼ਾ ਲੈਣ ਲਈ ਵੱਖ-ਵੱਖ ਜ਼ਿਲ੍ਹਿਆਂ ਦੇ ਚੋਣ ਅਧਿਕਾਰੀਆਂ ਨਾਲ ਬੈਠਕ ਕਰਨ ਲਈ ਅੰਮ੍ਰਿਤਸਰ ਪਹੁੰਚੇ ਸਨ। ਉਨ੍ਹਾਂ ਕਿਹਾ ਕਿ ਸੰਸਦੀ ਕਮੇਟੀ ਵੱਲੋਂ ਲੋਕ ਸਭਾ ਤੇ ਵਿਧਾਨ ਸਭਾ ਚੋਣ ਇੱਕੋ ਸਮੇਂ ਕਰਵਾਏ ਜਾਣ ਦੀ ਸਿਫਾਰਸ਼ 'ਤੇ ਗੌਰ ਕਰਕੇ ਇਸ ਸਬੰਧੀ ਕਾਨੂੰਨ ਵਿੱਚ ਸੋਧ ਕੀਤੀ ਜਾ ਸਕਦੀ ਹੈ ਪਰ ਇਸ ਲਈ ਸਿਆਸੀ ਸਹਿਮਤੀ ਜ਼ਰੂਰੀ ਹੈ। ਚੋਣ ਵਿੱਚ ਧਨ ਦੀ ਦੁਰਵਰਤੋਂ 'ਤੇ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਉਨ੍ਹਾਂ ਕਿਹਾ ਕਿ ਚੋਣ ਵਿੱਚ ਧੰਨ ਦੀ ਦੁਰਵਰਤੋਂ, ਵੋਟਰਾਂ ਨੂੰ ਭਰਮਾਉਣ ਬਾਰੇ ਕਮਿਸ਼ਨ ਵੱਲੋਂ ਸਖਤ ਕਾਰਵਾਈ ਦੀ ਸਿਫਾਰਸ਼ ਕੀਤੀ ਗਈ ਹੈ।

# ਬਟਾਲਾ ਇਲਾਕੇ ਦੇ ਵਿਕਾਸ ਕਾਰਜਾਂ ਨੂੰ ਨਵੀਂ ਗਤੀ ਦੇ ਗਿਆ ਸਾਲ 2015

**ਬਟਾਲਾ (ਬਰਨਾਲ)–** ਬਟਾਲਾ ਵਾਸੀਆਂ ਲਈ ਸਾਲ 2015 ਵਿਕਾਸ ਦੇ ਪੱਖ ਤੋਂ ਬਹੁਤ ਅਹਿਮ ਹੋ ਨਿਬੜਿਆ ਹੈ ਅਤੇ ਲੋਕ ਇਸ ਵਰ੍ਹੇ ਨੂੰ ਵਿਕਾਸ ਦੇ ਵਰ੍ਹੇ ਵਜੋਂ ਯਾਦ ਕਰਨਗੇ। ਇਸ ਵਰ੍ਹੇ 'ਚ ਪੰਜਾਬ ਸਰਕਾਰ ਵੱਲੋਂ ਜਿਥੇ ਬਟਾਲਾ ਅਤੇ ਇਸਦੇ ਆਸ-ਪਾਸ ਇਲਾਕਿਆਂ 'ਚ ਨਵੇਂ ਵਿਕਾਸ ਪ੍ਰੋਜੈਕਟ ਸ਼ੁਰੂ ਕੀਤੇ ਗਏ ਹਨ, ਉਥੇ ਕੁਝ ਵੱਡੇ ਪ੍ਰੋਜੈਕਟ ਪੂਰੇ ਵੀ ਹੋਏ ਹਨ ਜਿਨਾਂ ਦਾ ਲੋਕਾਂ ਨੂੰ ਵੱਡਾ ਲਾਭ ਮਿਲਿਆ ਹੈ।

**ਸ਼ਿਵ ਕੁਮਾਰ ਬਟਾਲਵੀ ਸੱਭਿਆਚਾਰਕ ਕੇਂਦਰ**

ਬਟਾਲਾ ਵਾਸੀ ਅਤੇ ਪੂਰੀ ਦੁਨੀਆਂ 'ਚ ਰਹਿੰਦੇ ਪੰਜਾਬੀ ਮਾਂ ਨੂੰ ਪਿਆਰ ਕਰਨ ਵਾਲੇ ਸਾਲ 2015 ਨੂੰ ਹਮੇਸ਼ਾਂ ਇਸ ਗੱਲ ਲਈ ਵੀ ਯਾਦ ਰੱਖਣਗੇ ਕਿ ਇਸ ਸਾਲ ਬਿਰਹਾ ਦੇ ਸੁਲਤਾਨ ਦੀ ਬਟਾਲਾ 'ਚ ਬਣੀ ਯਾਦਗਾਰ ਨੂੰ ਪੰਜਾਬ ਸਰਕਾਰ ਨੇ 2 ਕਰੋੜ ਰੁਪਏ ਖਰਚ ਕੇ ਆਧੁਨਿਕ ਆਡੀਟੋਰੀਅਮ ਦਾ ਰੂਪ ਦਿੱਤਾ ਸੀ।

ਪੰਜਾਬ ਸਰਕਾਰ ਵੱਲੋਂ ਮੁੜ ਸੁਰਜੀਤ ਕੀਤੀ ਗਈ ਸ਼ਿਵ ਦੀ ਯਾਦਗਾਰ ਇਹ ਆਡੀਟੋਰੀਅਮ ਸਾਹਿਤਾਕਾਰਾਂ ਦਾ 'ਮੱਕਾ' ਬਣੇਗੀ। ਨਵੇਂ ਵਰ੍ਹੇ ਦੇ ਚੜ੍ਹਦਿਆਂ ਹੀ 2 ਜਨਵਰੀ ਨੂੰ ਮੁੱਖ ਮੰਤਰੀ ਸ. ਪਰਕਾਸ਼ ਸਿੰਘ ਬਾਦਲ ਸ਼ਿਵ ਕੁਮਾਰ ਬਟਾਲਵੀ ਦੀ ਯਾਦਗਾਰ ਨੂੰ ਪੰਜਾਬੀਆਂ ਦੇ ਸਮਰਪਿਤ ਕਰਨਗੇ। ਬਟਾਲਾ ਵਾਸੀਆਂ ਤੇ ਸਾਹਿਤਕਾਰਾਂ 'ਚ ਸ਼ਿਵ ਕੁਮਾਰ ਬਟਾਲਵੀ ਦੀ ਯਾਦਗਾਰ ਮੁਕੰਮਲ ਹੋਣ 'ਤੇ ਖੁਸ਼ੀ ਦੀ ਲਹਿਰ ਹੈ।

**ਆਧੁਨਿਕ ਪਸ਼ੂ ਮੇਲਾ ਗਰਾਊਂਡ, ਬਟਾਲਾ**

ਪੰਜਾਬ ਸਰਕਾਰ ਵੱਲੋਂ ਪਸ਼ੂ ਪਾਲਣ ਕਿੱਤੇ ਨੂੰ ਉਤਸ਼ਾਹਤ ਕਰਨ ਲਈ ਬਟਾਲਾ ਵਿਖੇ 5.44 ਕਰੋੜ ਰੁਪਏ ਦੀ ਲਾਗਤ ਨਾਲ ਆਧੁਨਿਕ ਪਸ਼ੂ ਮੇਲਾ ਗਰਾਊਂਡ ਦਾ ਨਿਰਮਾਣ ਕੀਤਾ ਗਿਆ ਹੈ। ਇਸ ਸਾਲ ਇਹ ਵੱਡਾ ਪ੍ਰੋਜੈਕਟ ਮੁਕੰਮਲ ਹੋਣ ਨਾਲ ਬਟਾਲਾ ਸਮੇਤ ਪੂਰੇ ਮਾਝੇ ਖੇਤਰ ਨੂੰ ਇਸਦਾ ਲਾਭ ਮਿਲੇਗਾ।

**ਭਗਤ ਨਾਮਦੇਵ ਸਰਕਾਰੀ ਕਾਲਜ, ਘੁਮਾਣ**

ਸ਼੍ਰੋਮਣੀ ਭਗਤ ਨਾਮਦੇਵ ਜੀ ਦੀ ਪਵਿੱਤਰ ਧਰਤੀ ਘੁਮਾਣ ਵਿਖੇ ਪੰਜਾਬ ਸਰਕਾਰ ਵੱਲੋਂ ਸਾਲ 2015 'ਚ ਸਰਕਾਰੀ ਡਿਗਰੀ ਕਾਲਜ ਦੀ ਅਰੰਭਤਾ ਸ਼ੁਰੂ ਕੀਤੀ ਗਈ ਹੈ। 10 ਏਕੜ ਰਕਬੇ 'ਚ 18 ਕਰੋੜ ਦੀ ਲਾਗਤ ਨਾਲ ਬਣਨ ਵਾਲੇ ਇਸ ਸਰਕਾਰੀ ਡਿਗਰੀ ਕਾਲਜ ਦਾ ਨੀਂਹ ਪੱਥਰ ਮੁੱਖ ਮੰਤਰੀ ਪੰਜਾਬ ਸ. ਪਰਕਾਸ਼ ਸਿੰਘ ਬਾਦਲ ਨੇ ਰੱਖਿਆ ਸੀ। ਅਪ੍ਰੈਲ ਮਹੀਨੇ ਸ਼ੁਰੂ ਹੋਏ ਇਸ ਡਿਗਰੀ ਕਾਲਜ ਦਾ ਕੰਮ ਜੰਗੀ ਪੱਧਰ 'ਤੇ ਚੱਲ ਰਿਹਾ ਹੈ ਅਤੇ ਸਾਲ 2016 'ਚ ਇਸਨੂੰ ਮੁਕੰਮਲ ਕਰਕੇ ਇਥੇ ਕਲਾਸਾਂ ਸ਼ੁਰੂ ਕੀਤੀਆਂ ਜਾਣਗੀਆਂ। ਇਸਦੇ ਨਾਲ ਹੀ ਅਪ੍ਰੈਲ ਮਹੀਨੇ ਘੁਮਾਣ ਵਿਖੇ ਹੋਇਆ ਮਰਾਠੀ ਸਾਹਿਤ ਸੰਮੇਨਲ ਯਾਦਗਾਰੀ ਹੋ ਨਿਬੜਿਆ ਹੈ ਅਤੇ ਪੰਜਾਬ ਸਰਕਾਰ ਦੀ ਮਹਿਮਾਨ ਨਿਵਾਜੀ ਨੂੰ ਪੂਰੇ ਦੇਸ਼ ਵਿੱਚ ਸਰਾਹਿਆ ਗਿਆ ਹੈ।

**ਡਰਾਇਵਿੰਗ ਟੈਸਟ ਸੈਂਟਰ ਬਟਾਲਾ ਤੇ ਮਾੜੀ ਪੰਨਵਾਂ**

ਪੰਜਾਬ ਸਰਕਾਰ ਵੱਲੋਂ ਸਾਲ 2015 ਦੌਰਾਨ ਬਟਾਲਾ ਵਿਖੇ ਸਟੈਂਡਰਡ ਆਟੋਮੈਟਿਕ ਡਰਾਇਵਿੰਗ ਟੈਸਟ ਸੈਂਟਰ ਅਤੇ ਮਾੜੀ ਪੰਨਵਾਂ ਵਿਖੇ ਹੈਵੀ ਡਿਊਟੀ ਡਰਾਇਵਿੰਗ ਲਾਇਸੈਂਸ ਟਰੇਨਿੰਗ ਸੈਂਟਰ ਦਾ ਨਿਰਮਾਣ ਸ਼ੁਰੂ ਕੀਤਾ ਗਿਆ ਹੈ। ਇਨ੍ਹਾਂ ਦੋਵਾਂ ਡਰਾਇਵਿੰਗ ਲਾਇਸੈਂਸ ਕੇਂਦਰਾਂ ਦਾ ਨਿਰਮਾਣ ਤੇਜ਼ੀ ਨਾਲ ਚੱਲ ਰਿਹਾ ਹੈ ਅਤੇ ਸਾਲ 2016 'ਚ ਇਹ ਕੰਮ ਕਰਨਾ ਸ਼ੁਰੂ ਕਰ ਦੇਣਗੇ। ਸੜਕੀ ਦੁਰਘਟਨਾਵਾਂ ਨੂੰ ਰੋਕਣ ਅਤੇ ਆਮ ਲੋਕਾਂ ਨੂੰ ਡਰਾਇਵਿੰਗ ਦੀ ਸਿਖਲਾਈ ਤੇ ਆਵਜਾਈ ਨਿਯਮਾਂ ਦੀ ਜਾਣਕਾਰੀ ਦੇਣ ਲਈ ਇਹ ਡਰਾਇਵਿੰਗ ਸੈਂਟਰ ਬਹੁਤ ਉਪਯੋਗੀ ਸਾਬਤ ਹੋਣਗੇ।

ਜਲ ਸਪਲਾਈ ਦੇ ਪ੍ਰੋਜੈਕਟ

ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਪੀਣ ਲਈ ਸ਼ੁੱਧ ਪਾਣੀ ਮੁਹੱਈਆ ਕਰਾਉਣ ਦੇ ਵਾਅਦੇ ਨੂੰ ਪੂਰਿਆਂ ਕਰਦਿਆਂ ਸਾਲ 2015 'ਚ ਬਟਾਲਾ, ਕਾਦੀਆਂ, ਸ੍ਰੀ ਹਰਗੋਬਿੰਦਪੁਰ, ਫਤਹਿਗੜ੍ਹ ਚੂੜੀਆਂ ਸ਼ਹਿਰਾਂ ਸਮੇਤ ਪਿੰਡਾਂ ਵਿੱਚ ਵੀ ਨਵੀਆਂ ਜਲ ਸਕੀਮਾਂ ਸ਼ੁਰੂ ਕੀਤੀਆਂ ਗਈਆਂ ਹਨ। ਬਟਾਲਾ ਸ਼ਹਿਰ 'ਚ ਜਲ ਸਪਲਾਈ ਯੋਜਨਾ 'ਤੇ 21.50 ਕਰੋੜ ਰੁਪਏ, ਫਤਿਹਗੜ੍ਹ ਚੂੜੀਆਂ 'ਚ ਜਲ ਸਪਲਾਈ 'ਤੇ 14 ਕਰੋੜ ਰੁਪਏ ਅਤੇ ਕਾਦੀਆਂ ਸ਼ਹਿਰ 'ਚ 1.23 ਕਰੋੜ ਰੁਪਏ ਖਰਚ ਕੇ ਸ਼ਹਿਰ ਵਾਸੀਆਂ ਨੂੰ ਸ਼ੁੱਧ ਜਲ ਸਪਲਾਈ ਮੁਹੱਈਆ ਕਰਾਈ ਗਈ ਹੈ। ਇਸਦੇ ਨਾਲ ਹੀ ਸੂਬਾ ਸਰਕਾਰ ਨੇ ਸ੍ਰੀ ਹਰਗੋਬਿੰਦਪੁਰ ਸ਼ਹਿਰ 'ਚ 9.82 ਕਰੋੜ ਖਰਚ ਕਰਕੇ 100 ਫੀਸਦੀ ਅਬਾਦੀ ਨੂੰ ਜਲ ਸਪਲਾਈ ਤੇ ਸੀਵਰੇਜ ਦੀ ਸਹੂਲਤ ਮੁਹੱਈਆ ਕਰਾਈ ਹੈ।

ਵਿਕਾਸ ਨੂੰ ਲੈ ਕੇ ਸੂਬਾ ਸਰਕਾਰ ਵੱਲੋਂ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਆਉਣ ਵਾਲੇ ਸਾਲ 2016 'ਚ ਵੀ ਜਾਰੀ ਰਹਿਣਗੀਆਂ ਅਤੇ ਰਾਜ ਸਰਕਾਰ ਵੱਲੋਂ ਆਉਣ ਵਾਲੇ ਵਰ੍ਹੇ 'ਚ ਵਿਕਾਸ ਦੀ ਗਤੀ ਨੂੰ ਹੋਰ ਤੇਜ਼ ਕੀਤਾ ਜਾਵੇਗਾ।

A & S
Auto Repair & Services
Specializing in Brakes & Axles
10% of any repair of $ $75.00 or More
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Services

9:00 AM to 6:00 PM Mon-Sat

Ph: 916-238-4431
649 W. Elkhorn Blvd. Suite B2
Rio Linda, CA 95673
Amarjit Sandhu

# ਦੇਸ਼ ਦੁਆਬਾ

## ਨਵਾਂ ਸਾਲ 2016 ਮੁਬਾਰਕ

ਨਵਾਂ ਸਾਲ 2016 ਸਾਡੇ ਲਈ ਇਕ ਹੋਰ ਨਵੀਂ ਆਸ ਲੈ ਕੇ ਆਇਆ ਹੈ। ਨਵੇਂ ਸਾਲ ਨੂੰ ਹਾਲਾਂਕਿ ਪੱਛਮੀ ਮੁਲਕਾਂ ਵਿਚ ਇਕ ਤਿਉਹਾਰ ਵਾਂਗ ਮਨਾਇਆ ਜਾਂਦਾ ਹੈ, ਭਾਰਤੀ ਮੂਲ ਦੇ ਲੋਕ ਵੀ ਇਸੇ ਕੈਲੰਡਰ ਦੀ ਪਾਲਣਾ ਕਰਨ ਕਰਕੇ ਨਵੇਂ ਸਾਲ ਨੂੰ ਇਕ ਤਿਉਹਾਰ ਵਾਂਗ ਅਪਣਾ ਚੁੱਕੇ ਹਨ। ਇਸ ਦਿਨ ਭਾਰਤੀ ਮੂਲ ਦੇ ਲੋਕ ਆਪਣੀਆਂ ਧਾਰਮਿਕ ਸੰਸਥਾਵਾਂ ਵਿਚ ਕਥਾ-ਕੀਰਤਨ ਅਤੇ ਧਾਰਮਿਕ ਪ੍ਰੋਗਰਾਮ ਕਰਦੇ ਹਨ ਅਤੇ ਨਵੇਂ ਸਾਲ ਦੇ ਆਗਮਨ ਦਾ ਸਵਾਗਤ ਕਰਦੇ ਹਨ।ਹਰ ਨਵਾਂ ਸਾਲ ਸਾਡੇ ਲਈ ਪਿਛਲੇ ਸਾਲ ਦੀਆਂ ਗਲਤੀਆਂ ਤੋਂ ਸਿੱਖਣ ਦਾ ਮੌਕਾ ਲੈ ਕੇ ਆਉਂਦਾ ਹੈ। ਸਾਲ 2015 ਵਿਚ ਸਭ ਨੇ ਅਜਿਹੀਆਂ ਗਲਤੀਆਂ ਕੀਤੀਆਂ ਹੋਣਗੀਆਂ, ਜਿਹੜੀਆਂ ਨਹੀਂ ਹੋਣੀਆਂ ਚਾਹੀਦੀਆਂ ਸਨ, ਉਹਨਾਂ ਦੇ ਦੁਹਰਾਅ ਨੂੰ ਰੋਕਣਾ ਸਾਡਾ ਟੀਚਾ ਹੋਣਾ ਚਾਹੀਦਾ ਹੈ। ਸਾਰੇ ਪਰਿਵਾਰ ਅਤੇ ਆਪਣੇ ਆਲੇ-ਦੁਆਲੇ ਨਾਲ ਮਿਲ ਕੇ ਰਹਿਣਾ ਅਤੇ ਸਹਿਹੋਂਦ ਨੂੰ ਪ੍ਰਵਾਨ ਕਰਨਾ ਹੀ ਇਸ ਸਾਲ ਦਾ ਸੱਦਾ ਹੋਣਾ ਚਾਹੀਦਾ ਹੈ ਕਿਉਂਕਿ ਬੀਤਿਆ ਸਾਲ 2015 ਸਾਨੂੰ ਬਹੁਤ ਸਾਰੀਆਂ ਅਜਿਹੀਆਂ ਤਕਲੀਫਾਂ ਦੇ ਕੇ ਗਿਆ ਹੈ, ਜਿਹਨਾਂ ਨੇ ਹਜ਼ਾਰਾਂ ਲੋਕਾਂ ਦੀ ਜਾਨ ਲੈ ਲਈ ਅਤੇ ਹਜ਼ਾਰਾਂ ਲੋਕੀ ਬੇਘਰ ਹੋ ਕੇ ਆਸਰੇ ਲਈ ਦੇਸ਼-ਵਿਦੇਸ਼ ਵਿਚ ਭਟਕਦੇ ਫਿਰਦੇ ਹਨ।

ਅਰਬ ਅਤੇ ਅਫਰੀਕੀ ਮੁਲਕਾਂ ਵਿਚਕਾਰ ਚੱਲ ਰਹੀ ਗੜਬੜ ਦੇ ਕਾਰਨ ਇਸ ਸਾਲ ਬਹੁਤ ਭਾਰੀ ਜਾਨੀ ਅਤੇ ਮਾਲੀ ਨੁਕਸਾਨ ਹੋਇਆ ਹੈ। ਇਰਾਕ ਵਿਚ ਦਹਿਸ਼ਤ-ਗਰਦੀ ਜਥੇਬੰਦੀ ਆਈ ਐਸ ਆਈ ਐਸ ਦੇ ਵਧਦੇ ਪ੍ਰਭਾਵ ਕਾਰਨ ਸੀਰੀਆ ਅਤੇ ਇਰਾਕ ਵਿਚ ਸੱਥਰ ਵਿਛ ਗਏ ਹਨ। ਅਫਰੀਕੀ ਮੁਲਕਾਂ ਵਿਚ ਵੀ ਦਹਿਸ਼ਤਗਰਦਾਂ ਨੇ ਭਾਰੀ ਨੁਕਸਾਨ ਕੀਤਾ ਹੈ। ਔਰਤਾਂ ਅਤੇ ਬੱਚੇ ਇੰਨੀ ਵੱਡੀ ਗਿਣਤੀ ਵਿਚ ਮਾਰੇ ਗਏ ਅਤੇ ਸ਼ੋਸ਼ਣ ਦਾ ਸ਼ਿਕਾਰ ਹੋਏ, ਜਿਸ ਨੂੰ ਦੇਖ ਕੇ ਲੱਗਦਾ ਨਹੀਂ ਕਿ ਅਸੀਂ ਇਕ ਸਭਿਅਕ ਸਮਾਜ ਦਾ ਹਿੱਸਾ ਹਾਂ।

ਭਾਰਤ ਵਿਚ ਸੱਤਾਧਾਰੀ ਮੋਦੀ ਸਰਕਾਰ ਦੁਆਰਾ ਕੀਤੇ ਜਾ ਰਹੇ ਫਿਰਕੂ ਏਜੰਡੇ ਨੂੰ ਬਿਹਾਰ ਨੇ ਰੁਕਾਵਟ ਪਾ ਦਿੱਤੀ ਹੈ ਅਤੇ ਭਾਰਤ ਦੇ ਲੋਕਾਂ ਨੇ ਇਕ ਵਾਰ ਫਿਰ ਧਰਮ ਨਿਰਪੱਖ ਅਤੇ ਸਹਿਹੋਂਦ ਨੂੰ ਮੰਨਣ ਵਾਲੇ ਲੋਕਾਂ ਵਜੋਂ ਸਬੂਤ ਦਿੱਤਾ ਹੈ। ਭਾਰਤ ਵਿਚ ਦਲਿਤਾਂ ਤੇ ਅੱਤਿਆਚਾਰਾਂ ਦੀ ਲੜੀ ਨਿਰੰਤਰ ਜਾਰੀ ਰਹੀ ਹੈ, ਜੋ ਤਮਾਮ ਕੋਸ਼ਿਸ਼ਾਂ ਦੇ ਬਾਵਜੂਦ ਨਹੀਂ ਰੁਕ ਰਹੀ। ਪੰਜਾਬ ਵਿਚ ਵੀ ਇਹੀ ਸਥਿਤੀ ਦੇਖਣ ਨੂੰ ਮਿਲੀ ਹੈ। ਸਿਆਸੀ ਤੌਰ ਤੇ ਦਲਿਤ ਸਮਾਜ ਹਾਲੇ ਵੀ ਇੱਕਜੁਟਤਾ ਤੋਂ ਦੂਰ ਨਜ਼ਰ ਆ ਰਿਹਾ ਹੈ, ਜਿਸ ਕਰਕੇ ਮੁਸ਼ਕਿਲਾਂ ਵਧਣੀਆਂ ਸੁਭਾਵਿਕ ਹਨ। ਦਲਿਤ ਸਮਾਜ ਨੂੰ ਇਕ ਬਿਹਤਰੀਨ ਲੀਡਰਸਿਪ ਵਾਲੇ ਲੀਡਰ ਦੀ ਲੋੜ ਵੀ ਮਹਿਸੂਸ ਕੀਤੀ ਜਾ ਰਹੀ ਹੈ, ਜਿਹੜਾ ਬਾਬਾ ਸਾਹਿਬ ਡਾ. ਅੰਬੇਦਕਰ, ਬਾਬੂ ਮੰਗੂ ਰਾਮ ਮੁੱਗੋਵਾਲੀਆ, ਸਾਹਿਬ ਸ੍ਰੀ ਕਾਂਸ਼ੀ ਰਾਮ ਵਰਗੇ ਮਹਾਨ ਯੋਧਿਆਂ ਦੇ ਸੁਪਨੇ ਨੂੰ ਅੱਗੇ ਲਿਜਾ ਸਕੇ। ਅਦਾਰਾ 'ਅੰਬੇਦਕਰ ਟਾਈਮਜ਼' ਅਤੇ 'ਦੇਸ਼ ਦੁਆਬਾ' ਆਪਣੇ ਪਾਠਕਾਂ ਨੂੰ ਨਵੇਂ ਸਾਲ 2016 ਦੀਆਂ ਲੱਖ-ਲੱਖ ਵਧਾਈਆਂ ਦਿੰਦਾ ਹੈ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

## ਸ਼ੰਕਾ-ਨਵਿਰਤੀ- 31



ਮੇਘ ਰਾਜ ਮਿੱਤਰ
+91-98887-87440

? ਜੇਕਰ ਕਿਸੇ ਛਿਪਕਲੀ ਦੀ ਪੂਛ ਟੁੱਟ ਜਾਵੇ ਤਾਂ ਆਮ ਤੌਰ 'ਤੇ ਉਸਦੀ ਪੂਛ ਉਗ ਜਾਂਦੀ ਹੈ। ਇਸ ਪਿੱਛੇ ਮੁੱਖ ਕਾਰਨ ਕੀ ਹੈ?

* ਛਿਪਕਲੀ ਦੀ ਪੂਛ ਦੀਆਂ ਹੱਡੀਆਂ ਢਿੱਲੇ ਰੂਪ ਵਿੱਚ ਹੀ ਇੱਕ ਦੂਜੇ ਨਾਲ ਜੁੜੀਆਂ ਹੁੰਦੀਆਂ ਹਨ। ਇਸ ਲਈ ਇਸਦੀ ਪੂਛ ਆਸਾਨੀ ਨਾਲ ਇੱਕ ਦੂਜੇ ਤੋਂ ਅਲੱਗ ਹੋ ਜਾਂਦੀ ਹੈ। ਕਿਉਂਕਿ ਇਸਦੇ ਖੂਨ ਦੇ ਸੈੱਲਾਂ ਦੇ ਅੰਤਿਮ ਸਿਰੇ ਲਗਭਗ ਬੰਦ ਹੁੰਦੇ ਹਨ। ਇਸ ਲਈ ਖੂਨ ਵੀ ਨਹੀਂ ਨਿਕਲਦਾ। ਕੁਝ ਜਾਨਵਰਾਂ ਵਿੱਚ ਕੁਝ ਅੰਗ ਦੁਬਾਰਾ ਪੈਦਾ ਕਰਨ ਦੀ ਸਮਰੱਥਾ ਹੁੰਦੀ ਹੈ। ਇਸ ਲਈ ਛਿਪਕਲੀ ਵੀ ਆਪਣੀ ਪੂਛ ਦੁਬਾਰਾ ਉਗਾ ਲੈਂਦੀ ਹੈ।

? ਕਿਹਾ ਜਾਂਦਾ ਹੈ ਕਿ ਪੰਛੀ ਜਾਂ ਕਈ ਜਾਨਵਰ ਜਦੋਂ ਅੰਡੇ ਦਿੰਦੇ ਹਨ ਤਾਂ ਇਹ ਤਰਲ ਰੂਪ ਵਿਚ ਬਾਹਰ ਆਉਂਦੇ ਹਨ ਤੇ ਬਾਹਰ ਆ ਹਵਾ ਦੇ ਸੰਪਰਕ ਕਾਰਨ ਠੋਸ ਹੋ ਜਾਂਦੇ ਹਨ। ਕੀ ਇਹ ਸੱਚ ਹੈ।

* ਜਾਨਵਰਾਂ ਦੇ ਆਂਡਿਆਂ ਦਾ ਕਵਚ ਕੈਲਸ਼ੀਅਮ ਕਾਰਬੋਨੇਟ ਭਾਵ ਚੂਨੇ ਦਾ ਬਣਿਆ ਹੁੰਦਾ ਹੈ। ਕੁਝ ਦੇਰ ਪਏ ਰਹਿਣ ਤੋਂ ਬਾਅਦ ਚੂਨਾ ਸਖ਼ਤ ਹੋ ਜਾਂਦਾ ਹੈ।

? ਸੂਰ ਦਾ ਮਾਸ ਖਾਣ ਨਾਲ ਜਾਂ ਸੂਰ ਦੀ ਕਲੇਜੀ ਖਾਣ ਨਾਲ ਕਿਹੜੀ ਬੀਮਾਰੀ ਫੈਲਦੀ ਹੈ?

* ਸੂਰ ਦਾ ਮਾਸ ਖਾਣ ਨਾਲ ਆਮ ਤੌਰ 'ਤੇ ਦਿਮਾਗ ਵਿੱਚ ਇੱਕ ਕੀੜਾ ਪੈਦਾ ਹੋ ਜਾਂਦਾ ਹੈ ਕਿਉਂਕਿ ਇਹ ਮਲੱਪ ਸੂਰ ਦੇ ਮਾਸ ਨੂੰ ਚੰਗੀ ਤਰ੍ਹਾਂ ਪਕਾਉਣ ਨਾਲ ਹੀ ਖਤਮ ਹੁੰਦਾ ਹੈ। ਇਸ ਲਈ ਸਾਵਧਾਨੀ ਦੇ ਤੌਰ 'ਤੇ ਸੂਰ ਦੇ ਮਾਸ ਨੂੰ ਕਦੇ ਵੀ ਕੱਚਾ ਇਸਤੇਮਾਲ ਨਹੀਂ ਕਰਨਾ ਚਾਹੀਦਾ।

? ਪਾਣੀ ਵਿੱਚ ਮਛਲੀ ਕਿਉਂ ਜਿੰਦਾ ਰਹਿੰਦੀ ਹੈ, ਮਨੁੱਖ ਕਿਉਂ ਨਹੀਂ?

* ਮਛਲੀ ਪਾਣੀ ਵਿੱਚ ਘੁਲੀ ਹੋਈ ਆਕਸੀਜਨ ਲੈ ਕੇ ਸਾਰ ਸਕਦੀ ਹੈ। 57 ਕਰੋੜ ਵਰ੍ਹਿਆ ਤੋਂ ਉਸ ਦੇ ਵੱਡੇ-ਵਡੇਰੇ ਪਾਣੀ ਵਿੱਚ ਹੀ ਰਹਿੰਦੇ ਆਏ ਹਨ। ਇਸ ਲਈ ਉਸਦੇ ਫੇਫੜੇ ਪਾਣੀ ਵਿੱਚ ਘੁਲੀ ਹੋਈ ਆਕਸੀਜਨ ਤੋਂ ਗੁਜ਼ਾਰਾ ਕਰਨਾ ਸਿੱਖ ਗਏ ਹਨ। ਮਨੁੱਖੀ ਫੇਫੜੇ ਧਰਤੀ ਦੇ ਵਾਤਾਵਰਣ ਵਿੱਚੋਂ ਆਕਸੀਜਨ ਲਏ ਬਿਨਾਂ ਨਹੀਂ ਰਹਿ ਸਕਦੇ।

? ਜਦੋਂ ਕਦੇ ਕਿਸੇ ਜਾਨਵਰ ਜਾਂ ਪੰਛੀ ਦੇ ਅਵਸ਼ੇਸ਼ ਮਿਲਦੇ ਹਨ ਤਾਂ ਵਿਗਿਆਨੀ ਝੱਟ ਹੀ ਇਹ ਕਹਿ ਦਿੰਦੇ ਹਨ ਕਿ ਇਹ ਅਵਸ਼ੇਸ਼ ਪੰਜ ਹਜ਼ਾਰ ਸਾਲ ਪੁਰਾਣਾ ਹੈ, ਕੋਈ ਕਿੰਨਾ, ਕੋਈ ਕਿੰਨਾ। ਵਿਗਿਆਨੀ ਅਵਸ਼ੇਸ਼ਾਂ ਦੀ ਉਮਰ ਕਿਸ ਤਰ੍ਹਾਂ ਜਲਦੀ ਹੀ ਪ੍ਰਾਪਤ ਕਰ ਲੈਂਦੇ ਹਨ?

* ਇਸ ਢੰਗ ਨੂੰ ਵਿਗਿਆਨ ਦੀ ਸ਼ਬਦਾਵਲੀ ਵਿੱਚ 'ਕਾਰਬਨ ਡੇਟਿੰਗ ਪ੍ਰੋਸੈਸ' ਕਿਹਾ ਜਾਂਦਾ ਹੈ। ਪੁਲਾੜ ਵਿਚੋਂ ਆ ਰਹੀਆਂ ਕਾਸਮਿਕ ਕਿਰਨਾਂ ਨਾਈਟਰੋਜਨ 14 ਨੂੰ ਕਾਰਬਨ 14 ਵਿਚ ਬਦਲ ਦਿੰਦੀਆਂ ਹਨ। ਇਸ ਤਰ੍ਹਾਂ ਵਾਯੂਮੰਡਲ ਵਿੱਚ ਵੀ ਕਾਰਬਨ 12 ਅਤੇ ਕਾਰਬਨ 14 ਦੀ ਅਨੁਪਾਤ ਖਾਸ ਹੋ ਜਾਂਦੀ ਹੈ। ਅਸੀਂ ਜਾਣਦੇ ਹਾਂ ਕਿ ਸਭ ਪੌਦੇ ਅਸਮਾਨ ਵਿਚੋਂ ਕਾਰਬਨ ਡਾਈਆਕਸਾਈਡ ਗੈਸ ਲੈ ਕੇ ਆਪਣੀ ਖੁਰਾਕ ਬਣਾਉਂਦੇ ਹਨ ਤੇ ਸਾਰੇ ਜੀਵ ਪੌਦਿਆਂ ਨੂੰ ਖਾਂਦੇ ਹਨ। ਪੌਦਿਆਂ ਵਿਚ ਵੀ ਕਾਰਬਨ ਦੋ ਤਰ੍ਹਾਂ ਦੀ ਹੁੰਦੀ ਹੈ। ਇਸ ਨੂੰ ਕਾਰਬਨ-12 ਤੇ ਕਾਰਬਨ-14 ਆਖਿਆ ਜਾਂਦਾ ਹੈ।

ਜਿਉਂਦੇ ਸਰੀਰ ਵਿਚ ਇਹਨਾਂ ਦਾ ਅਨੁਪਾਤ ਸਾਰੀ ਜ਼ਿੰਦਗੀ ਸਥਿਰ ਰਹਿੰਦਾ ਹੈ। ਪੌਦਿਆਂ ਤੇ ਪ੍ਰਾਣੀਆਂ ਦੇ ਮਰਨ ਤੋਂ ਬਾਅਦ ਕਾਰਬਨ-12 ਦੀ ਮਾਤਰਾ ਵਿੱਚ ਕੋਈ ਫਰਕ ਨਹੀਂ ਪੈਂਦਾ। ਪਰ ਕਾਰਬਨ-14 ਕਿਰਨਾਂ ਛੱਡਦੀ ਰਹਿੰਦੀ ਹੈ ਅਤੇ ਕਾਰਬਨ-12 'ਚ ਬਦਲਦੀ ਰਹਿੰਦੀ ਹੈ, ਇਸ ਲਈ ਹਰ ਪੰਜ ਹਜ਼ਾਰ ਸੱਤ ਸੌ ਤੀਹ ਸਾਲ ਮਗਰੋਂ ਇਹ ਪਹਿਲਾਂ ਨਾਲੋਂ ਅੱਧੀ ਰਹਿ ਜਾਂਦੀ ਹੈ। ਇਸ ਤਰ੍ਹਾਂ ਸਾਇੰਸਦਾਨ ਇੱਕ ਕੈਲੰਡਰ ਤਿਆਰ ਕਰ ਲੈਂਦੇ ਹਨ। ਹੁਣ ਜਦੋਂ ਕੋਈ ਮਰਿਆ ਹੋਇਆ ਜੀਵ ਉਹਨਾਂ ਨੂੰ ਮਿਲ ਜਾਂਦਾ ਹੈ ਤਾਂ ਉਹ ਉਸ ਵਿਚੋਂ ਕਾਰਬਨ-12 ਤੇ ਕਾਰਬਨ-14 ਦੀ ਮਾਤਰਾ ਦੇ ਅਨੁਪਾਤ ਦਾ ਪਤਾ ਲਾ ਲੈਂਦੇ ਹਨ। ਇਸ ਤਰ੍ਹਾਂ ਕਾਰਬਨ ਦੇ ਇਸ ਕੈਲੰਡਰ ਤੋਂ ਉਹਨਾਂ ਨੂੰ ਇਹ ਪਤਾ ਲੱਗ ਜਾਂਦਾ ਹੈ ਕਿ ਇਸ ਜੀਵ ਦੀ ਮੌਤ ਕਿੰਨਾ ਸਮਾਂ ਪਹਿਲਾਂ ਹੋਈ ਸੀ। (ਇਸ ਬਾਰੇ ਹੋਰ ਵਧੇਰੇ ਜਾਣਕਾਰੀ ਤੁਸੀਂ ਕਿਤਾਬ 'ਸਮੇਂ ਦਾ ਇਤਿਹਾਸ' ਵਿੱਚੋ ਪ੍ਰਾਪਤ ਕਰ ਸਕਦੇ ਹੋ।)

? ਸ਼ੇਰ ਅਤੇ ਗਾਂ ਦੀ ਹੋਂਦ ਕਦੋਂ ਹੋਈ ਸੀ?

* ਸਾਰੇ ਪਸ਼ੂਆਂ ਦੀ ਹੋਂਦ ਡਾਇਨਾਸੌਰਾਂ ਦੇ ਯੁੱਗ ਤੋਂ ਬਾਅਦ ਹੋਈ ਦੁੱਧ ਚੁੰਘਾਉਣ ਵਾਲੇ ਪਸ਼ੂਆਂ ਦਾ ਯੁੱਗ ਵੀ ਇਹਨਾਂ ਸਮਿਆਂ ਵਿੱਚ ਹੀ ਆਇਆ ਸੀ। ਇਨ੍ਹਾਂ ਦੀ ਸ਼ੁਰੂਆਤ 14 ਕਰੋੜ ਸਾਲ ਪਹਿਲਾਂ ਹੋਈ।

? ਸੱਪ ਦੇ ਕੰਨ ਨਹੀਂ ਹੁੰਦੇ ਤਾਂ ਉਸਨੂੰ ਬੀਨ ਦੀ ਆਵਾਜ਼ ਕਿਵੇਂ ਸੁਣਾਈ ਦਿੰਦੀ ਹੈ। ਵਿਸਥਾਰ ਨਾਲ ਦੱਸੋ?

* ਸੱਪ ਦੇ ਕੰਨ ਤਾਂ ਨਹੀਂ ਹੁੰਦੇ ਪਰ ਅੱਖਾਂ ਹੁੰਦੀਆਂ ਹਨ। ਉਹ ਬੀਨ ਦੀ ਹਰਕਤ ਨੂੰ ਵੇਖਦਾ ਹੈ। ਇਸ ਲਈ ਆਪਣੀ ਹਰਕਤ ਕਰਦਾ ਹੈ।

? ਮੱਛਰ ਨੂੰ ਮਾਰਨ ਦਾ ਆਸਾਨ ਤਰੀਕਾ ਕਿਹੜਾ ਹੈ।

* ਮੱਛਰ ਨੂੰ ਮਾਰਨ ਦਾ ਸਭ ਤੋਂ ਆਸਾਨ ਤਰੀਕਾ ਤਾਂ ਆਪਣੇ ਘਰਾਂ ਦੇ ਆਲੇ-ਦੁਆਲੇ ਤੋਂ ਖੜ੍ਹੇ ਪਾਣੀ ਨੂੰ ਖਤਮ ਕਰਨਾ ਹੀ ਹੈ।

? ਕੀ ਦੁਨੀਆਂ ਵਿੱਚ ਕੋਈ ਅਜਿਹਾ ਜੀਵ ਹੈ ਜਿਸਦੇ ਦਿਲ ਨਹੀਂ ਹੈ, ਜੇ ਕੋਈ ਅਜਿਹਾ ਜੀਵ ਹੈ ਤਾਂ ਉਹ ਦਿਲ ਤੋਂ ਬਿਨਾਂ ਕਿਵੇਂ ਜਿਉਂਦਾ ਰਹਿੰਦਾ ਹੈ।

* ਧਰਤੀ ਉੱਤੇ ਜੀਵਾਂ ਦੀਆਂ ਲੱਖਾਂ ਹੀ ਕਿਸਮਾਂ ਅਜਿਹੀਆਂ ਹਨ ਜਿਨ੍ਹਾਂ ਦੇ ਦਿਲ ਨਹੀਂ ਹੁੰਦਾ। ਜਿਵੇਂ ਅਮੀਬਾ, ਪੈਰਾਮੀਸ਼ੀਅਮ ਆਦਿ। ਬਹੁਤ ਸਾਰੇ ਜੀਵ ਅਜਿਹੇ ਹੁੰਦੇ ਹਨ ਜਿਨ੍ਹਾਂ ਵਿੱਚ ਖੂਨ ਵੀ ਨਹੀਂ ਹੁੰਦਾ ਸਗੋਂ ਕੁਝ ਰਸ ਹੀ ਹੁੰਦੇ ਹਨ। ਉਹ ਆਪਣੀ ਚਮੜੀ ਤੋਂ ਹੀ ਦਿਲ ਦਾ ਕੰਮ ਲੈਂਦੇ ਹਨ।

? ਕੀ ਪਸ਼ੂ ਰੰਗ ਪਹਿਚਾਣਦੇ ਹਨ। ਜੇ ਨਹੀਂ ਤਾਂ ਇਸਦਾ ਕੀ ਕਾਰਨ ਹੈ?

* ਬਾਂਦਰ, ਮਨੁੱਖ, ਗਾਂ ਆਦਿ ਕੁਝ ਜਾਨਵਰ ਅਜਿਹੇ ਹਨ ਜਿਨ੍ਹਾਂ ਨੂੰ ਰੰਗਾਂ ਦੀ ਥੋੜ੍ਹੀ ਪਹਿਚਾਣ ਹੁੰਦੀ ਹੈ। ਰੰਗਾਂ ਦਾ ਸਬੰਧ ਦਿਮਾਗ ਨਾਲ ਹੁੰਦਾ ਹੈ। ਜੇ ਦਿਮਾਗ ਵਿਕਸਿਤ ਹੈ ਤਾਂ ਰੰਗਾਂ ਦੀ ਪਹਿਚਾਣ ਹੋ ਜਾਂਦੀ ਹੈ।

? ਸਾਬਤ ਦਾਲਾਂ ਵਿੱਚ ਕੁੜਕੁੜੂ ਕਿਉਂ ਰਹਿ ਜਾਂਦੇ ਹਨ, ਜਦ ਕਿ ਸਭ ਨੂੰ ਬਰਾਬਰ ਰਿੰਨ੍ਹਿਆ ਜਾਂਦਾ ਹੈ।


* ਦਾਲਾਂ ਵਿੱਚ ਬਿਮਾਰੀ ਕਾਰਨ ਕੋਈ ਨਾ ਕੋਈ ਦਾਲ ਦਾ ਦਾਣਾ ਸਖ਼ਤ ਹੋ ਜਾਂਦਾ ਹੈ ਜਾਂ ਇਸ ਵਿੱਚ ਕੋਈ ਜੰਗਲੀ ਦਾਲ ਦੇ ਦਾਣੇ ਦੀ ਕੋਈ ਵਣਗੀ ਆ ਜਾਂਦੀ ਹੈ।

? ਜਦੋਂ ਚੁੱਲ੍ਹੇ ਵਿੱਚ ਅੱਗ ਬੁਝਦੀ ਹੈ ਤਾਂ ਫੂਕ ਮਾਰਨ ਨਾਲ ਅੱਗ ਕਿਵੇਂ ਬਲਦੀ ਹੈ। ਜਦੋਂ ਕਿ ਆਪਣੇ ਸਾਹ ਰਾਹੀਂ ਕਾਰਬਨ ਡਾਈਆਕਸਾਈਡ ਬਾਹਰ ਨਿਕਲਦੀ ਹੈ। (ਯਾਨੀ ਕਿ ਕਾਰਬਨ ਡਾਈਆਕਸਾਈਡ ਨਾਲ ਅੱਗ ਕਿਉਂ ਬਲਦੀ ਹੈ।)

* ਜਦੋਂ ਅਸੀਂ ਫੂਕ ਮਾਰਦੇ ਹਾਂ ਤਾਂ ਆਕਸੀਜਨ ਵੱਧ ਮਾਤਰਾ ਵਿੱਚ ਪ੍ਰਾਪਤ ਹੁੰਦੀ ਹੈ। ਕੱਢੇ ਗਏ ਸਾਹ ਵਿੱਚ ਵੀ ਕਾਫੀ ਮਾਤਰਾ ਵਿੱਚ ਆਕਸੀਜਨ ਹੁੰਦੀ ਹੈ। ਕਾਰਬਨ ਡਾਈਆਕਸਾਈਡ ਨਾਲ ਅੱਗ ਨਹੀਂ ਬਲਦੀ। ਸਗੋਂ ਇਹ ਤਾਂ ਸਾਹ ਵਿਚਲੀ ਬਚੀ ਹੋਈ ਆਕਸੀਜਨ ਕਰਕੇ ਅਜਿਹਾ ਹੁੰਦਾ ਹੈ।

## ਪਿਉਂਦੀ ਬੂਟੇ

ਦੇਵਿੰਦਰ ਦੀਦਾਰ
98142-45911



ਜਿਵੇਂ ਕਿਸੇ ਵੀ ਬੂਟੇ ਨੂੰ ਕਿਸੇ ਚੰਗੇ ਬੂਟੇ ਦੀ ਪਿਉਂਦ ਲਾ ਦਿੱਤੀ ਜਾਵੇ ਤਾਂ ਉਹ ਸਾਰੀ ਉਮਰ ਲਈ ਵਧੀਆ ਫੱਲ ਦੇਣ ਲੱਗ ਪੈਂਦਾ ਹੈ। ਇਸੇ ਤਰ੍ਹਾਂ ਜੇ ਮਨੁੱਖ ਨੂੰ ਵੀ ਬਚਪਨ ਵਿਚ ਹੀ ਚੰਗੀ ਸੰਗਤ ਮਿਲ ਜਾਵੇ ਜਾਂ ਕਿਸੇ ਸਿਆਣੇ ਆਦਮੀ ਦੇ ਵਿਚਾਰਾਂ ਦੀ ਪਿਉਂਦ ਲੱਗ ਜਾਵੇ ਤਾਂ ਉਹ ਵੀ ਵਧੀਆ ਇਨਸਾਨ ਬਣ ਜਾਂਦਾ ਹੈ। ਬੋਲ-ਬਾਣੀ ਦੇ ਨਾਲ ਚੰਗੇ ਸੰਸਕਾਰਾਂ ਦੀ ਖੁਸ਼ਬੂਨਾਲ ਉਹ ਆਪਣੇ ਚੁਫੇਰੇ ਨੂੰ ਵੀ ਸੁਗੰਧਤ ਕਰ ਦਿੰਦਾ ਹੈ।

ਬਜੁਰਗਾਂ ਦੀ ਸੇਵਾ ਬਦਲੇ ਮਿਲੀਆਂ ਅਸੀਸਾਂ ਵੀ ਸਾਡੀ ਜ਼ਿੰਦਗੀ ਦੇ ਔਖੇ ਰਾਹ ਸੁਖਾਲੇ ਕਰ ਦੇਂਦੀਆਂ ਹਨ। ਖੁਸ਼ੀਆਂ ਖੇੜਿਆਂ ਅਤੇ ਹਾਸਿਆਂ ਨਾਲ ਭਰਪੂਰ ਆਦਮੀ ਕੋਈ ਵੀ ਕੰਮ ਕਰਦਿਆਂ ਥਕਾਵਟ ਮਹਿਸੂਸ ਨਹੀਂ ਕਰਦਾ। ਉਹੀ ਲੋਕ ਤਰੱਕੀਆਂ ਕਰਦੇ ਹਨ ਜੋ ਮਿਲੀ ਸਜਾ ਦਾ ਵੀ ਮਜਾ ਲੈਂਦੇ ਹਨ। ਨਾਕਾਰਅਤਮਕ ਸੋਚ ਵਾਲਿਆਂ ਦਾ ਜਿਆਦਾ ਸਮਾਂ ਆਪਣੇ ਅੰਦਰ ਆਪ ਬਣਾਈ ਕੈਦ ਵਿਚ ਹੀ ਗੁਜਰ ਜਾਂਦਾ ਹੈ। ਤੁਹਾਡੇ ਹਾਸਿਆਂ ਦਾਭਾਗੀਦਾਰ ਬਣ ਕੇ ਹਰ ਕੋਈ ਖੁਸ਼ ਹੁੰਦਾ ਹੈ, ਪਰ ਤੁਹਾਡੇ ਦੁਖਾਂ ਦੇ ਭਾਈਵਾਲ ਤੁਹਾਡੇ ਆਪਣੇ ਵੀ ਨਹੀਂ ਬਣਦੇ।

ਜਦੋਂ ਦਿਲ ਲਾ ਕੇ ਅਸੀਂ ਕੋਈ ਕੰਮ ਕਰਨ ਲੱਗ ਜਾਂਦੇ ਹਾਂ ਤਾਂ ਦੁਨੀਆਂ ਦਾ ਕੋਈ ਕੰਮ ਕਰਨਾ ਵੀ ਮੁਸ਼ਕਲ ਨਹੀਂ ਹੁੰਦਾ। ਵਿਖਾਵੇ ਲਈ ਕੀਤੇ ਕੰਮ ਵਿਚ ਜਿਆਦਾਤਰ ਕਾਮਯਾਬੀ ਨਹੀਂ ਮਿਲਦੀ। ਜਿਸ ਕੰਮ ਵਿਚ ਸਾਡੀ ਦਿਲਚਸਪੀ ਨਹੀਂ ਹੁੰਦੀ ਉਸ ਕੰਮ ਦਾ ਨਤੀਜਾ ਕਦੀ ਵੀ ਹਾਂ-ਪੱਖੀ ਨਹੀਂ ਨਿਕਲਦਾ, ਉਸ ਕੰਮ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਹੀ ਅਸੀਂ ਥੱਕੇ-ਥੱਕੇ ਮਹਿਸੂਸ ਕਰਨ ਲੱਗ ਪੈਂਦੇ ਹਾਂ।

ਸੱਚੀ ਗੱਲ ਕਰਨ ਵਾਲੇ ਜਾਂ ਚੰਗੀ ਮੱਤ ਦੇਣ ਵਾਲੇ ਨੂੰ ਜਿਆਦਾ ਲੋਕ ਪਸੰਦ ਨਹੀਂ ਕਰਦੇ। ਦੋਸਤ ਵੀ ਸਾਨੂੰ ਹਾਂ 'ਚ ਹਾਂ ਮਿਲਾਉਣ ਵਾਲਾ ਹੀ ਚੰਗਾ ਲੱਗਦਾ ਹੈ। ਗੱਲ-ਗੱਲ ਤੇ ਟੋਕਣ ਵਾਲਿਆਂ ਦੇ ਮਿੱਤਰਾਂ ਦੀ ਗਿਣਤੀ ਬਹੁਤ ਘੱਟ ਹੁੰਦੀ ਹੈ। ਰਾਹ ਦਸੇਰਿਆਂ ਨੂੰ ਜਿਉਂਦੇ ਜੀ ਹਮੇਸ਼ਾ ਵਿਰੋਧ ਦਾ ਹੀ ਸਾਹਮਣਾ ਕਰਨਾ ਪੈਂਦਾ ਹੈ, ਤੁਰ ਜਾਣ ਬਾਦ ਭਾਵੇਂ ਉਨ੍ਹਾਂ ਦੀ ਯਾਦ ਵਿਚ ਮੇਲੇ ਲੱਗਣ ਲੱਗ ਪੈਣ। ਪੈਸਾ ਕਮਾਉਣ ਵਿਚ ਉਨੀ ਮਿਹਨਤ ਨਹੀਂ ਕਰਨੀ ਪੈਂਦੀ, ਜਿੰਨੀ ਪੈਸੇ ਬਚਾਉਣ ਲਈ ਕਰਨੀ ਪੈਂਦੀ ਹੈ। ਆਪਣੀ ਕੀਤੀ ਕਮਾਈ ਨੂੰ ਸਾਂਭਣ ਲਈ ਆਦਮੀ ਨੂੰ ਕਾਫੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਕਈ ਦੋਸਤੀਆਂ ਬਰਸਤੀ ਘਾਹ ਵਰਗੀਆਂ ਹੁੰਦੀਆਂ ਹਨ, ਪਤਾ ਹੀ ਨਹੀਂ ਲੱਗਦਾ ਕਿ ਉਹ ਕਿਵੇਂ ਅਤੇ ਕਿਸ ਵੇਲੇ ਉੱਗ ਆਉਂਦੀਆਂ ਹਨ ਅਤੇ ਪਤਝੜ ਦੇ ਪੱਤਿਆਂ ਵਾਂਗ ਬਿੰਨਾਂ ਖੜਾਕ ਕੀਤੇ ਹੀ ਕਿਰ ਜਾਂਦੀਆਂ ਹਨ। ਕਈ ਦੋਸਤੀਆਂ ਅੰਬਾਂ ਦੇ ਬੂਟੇ ਵਾਂਗ ਬੜੀਆਂ ਔਖੀਆਂ ਪਲਦੀਆਂ ਹਨ ਅਤੇ ਜਦੋਂ ਟੁੱਟਦੀਆਂ ਹਨ ਤਾਂ ਸਾਡੇ ਅੰਦਰੋ ਬਹੁਤ ਕੁਝ ਤੋੜ ਕੇ ਲੈ ਜਾਂਦੀਆਂ ਹਨ। ਪਿਆਰ ਨਾਲ ਭਰਪੂਰ ਆਦਮੀ ਹਮੇਸ਼ਾ ਖੁਸ਼ੀਆਂ ਵੰਡਦਾ ਹੈ ਅਤੇ ਪਿਆਰ-ਵਿਹੂਣੇ ਆਦਮੀ ਦੇ ਚਿਹਰੇ ਉੱਪਰ ਹਮੇਸ਼ਾ ਪੱਤਝੜ ਹੀ ਨਜ਼ਰ ਆਉਂਦੀ ਹੈ। ਕਿਸੇ ਨੂੰ ਦੁੱਖ ਦੇਣ ਵਾਲਾ ਜਿਆਦਾ ਚਿਰ ਖੁਸ਼ ਨਹੀਂ ਰਹਿ ਸਕਦਾ। ਦੁਖੀ ਆਦਮੀ ਸਹੀ ਸੋਚ ਨਾਲ ਵਕਤ ਪਾ ਕੇ ਫਿਰ ਹੱਸਣਾ ਸਿੱਖ ਲੈਂਦਾ ਹੈ।

ਆਸਮਾਨ ਵੱਲ ਵੇਖ ਕੇ ਤੁਰਨ ਵਾਲੇ ਕਈ ਵਾਰ ਕਿਸੇ ਨਾ ਕਿਸੇ ਚੀਜ ਨਾਲ ਟਕਰਾ ਹੀ ਜਾਂਦੇ ਹਨ। ਜ਼ਿੰਦਗੀ ਦੀ ਉਤਰਾਈ-ਚੜ੍ਹਾਈ ਵੇਖ ਕੇ ਚੱਲਣ ਵਾਲੇ ਹੀ ਆਪਣੀ ਮੰਜ਼ਲ ਉੱਪਰ ਪਹੁੰਚਦੇ ਹਨ।

ਇਕ ਉਤਸਾਹਿਤ ਧਰਵਾਸ ਨਾਲ ਆਦਮੀ ਨੂੰ ਇੱਕ ਤਸੱਲੀ ਜਿਹੀ ਮਿਲ ਜਾਂਦੀ ਹੈ ਅਤੇ ਇਸ ਤਰ੍ਹਾਂ ਦਾ ਉਤਸਾਹ ਦੇਣ ਵਾਲੇ ਦਾ ਕਈ ਵਾਰ ਬੰਦਾ ਮੁਰੀਦ ਵੀ ਬਣ ਜਾਂਦਾ ਹੈ। ਹੱਲਾ-ਸ਼ੇਰੀ ਮਿਲਣ ਨਾਲ ਆਦਮੀ ਦਾ ਆਪਣੇ ਉੱਪਰ ਯਕੀਨ ਹੋਰ ਪੱਕਾ ਹੋ ਜਾਂਦਾ ਹੈ।

ਕੱਚੀ-ਪੱਕੀ ਵਿਚ ਪੜ੍ਹਨ ਵਾਲੇ ਬੱਚੇ ਨਰਸਰੀ-ਕੇ. ਜੀ. ਵਿਚ ਪੜਨ ਵਾਲੇ ਬੱਚਿਆਂ ਨਾਲੋਂ ਵਧੀਆ ਬਚਪਨ ਬਿਤਾਉਂਦੇ ਸਨ। ਉਨਾਂ ਵੇਲਿਆਂ ਵਿਚ ਹਰ ਬੱਚੇ ਨੂੰ ਸ਼ਾਬਾਸ਼ ਦੇਣ ਦਾ ਇਕ ਤਰ੍ਹਾਂ ਦਾ ਰਿਵਾਜ਼ ਹੁੰਦਾ ਸੀ। ਉਦੋਂ ਨੌਜਵਾਨ ਪਿੰਡ ਦੇ ਰਖਵਾਲੇ ਹੁੰਦੇ ਸਨ, ਬਜ਼ੁਰਗ ਪਿੰਡਾਂ ਦੀਆਂ ਛਾਂਵਾਂ ਅਤੇ ਬੱਚੇ ਪਿੰਡਾਂ ਦੀਆਂ ਬਗੀਚੀਆਂ ਵਿਚ ਖਿੜੇ ਫੁੱਲਾਂ ਵਰਗੇ ਹੁੰਦੇ ਸਨ।

ਬੇਵਕਤੇ ਪ੍ਰਾਹੁਣੇ ਅਤੇ ਬੇ ਮੌਸਮੀ ਬਰਸਾਤ ਦਾ ਕੋਈ ਵੀ ਖਿੜੇ ਮੱਥੇ ਸਵਾਗਤ ਨਹੀਂ ਕਰਦਾ। ਦੱਸ ਕੇ ਆਉਣ ਵਾਲਾ ਮਹਿਮਾਨ ਅਤੇ ਮੌਸਮ ਮੁਤਾਬਿਕ ਪਿਆ ਮੀਂਹ ਸਾਡੀਆਂ ਖੁਸ਼ੀਆਂ ਦੂਣੀਆਂ ਕਰ ਦੇਂਦੇ ਹਨ।

ਕੱਚੇ ਰੰਗ ਵਾਲਾ ਕੱਪੜਾ ਜਿਵੇਂ ਬਾਕੀ ਕੱਪੜਿਆਂ ਨੂੰ ਵੀ ਬਦ-ਰੰਗ ਕਰ ਦਿੰਦਾ ਹੈ, ਉਵੇਂ ਹੀ ਸਾਡੀ ਮਾੜੀ ਜ਼ੁਬਾਨ ਦੀ ਸਜਾ ਕਈ ਵਾਰ ਸਾਡੀ ਸ਼ਖ਼ਸੀਅਤ ਨੂੰ ਵੀ ਭੁਗਤਣੀ ਪੈਂਦੀ ਹੈ। ਘੜੀ ਦੀਆਂ ਸੂਈਆਂ ਵੱਲ ਵੇਖਦੇ ਰਹਿਣ ਨਾਲ ਨਾ ਕੋਈ ਕੰਮ ਨੇਪੜੇ ਚੜ੍ਹਦਾ ਹੈ ਅਤੇ ਨਾ ਹੀ ਅਸੀਂ ਕਿਸੇ ਮੰਜ਼ਿਲ ਉੱਪਰ ਪਹੁੰਚਦੇ ਹਾਂ। ਜਿੰਮ 'ਚ ਪਏ ਸਾਈਕਲ ਨੂੰ ਜਿੰਨੀ ਦੇਰ ਮਰਜੀ ਚਲਾਉਂਦੇ ਰਹੋ, ਉਸ ਨੇ ਇੱਕ ਪੈਰ ਵੀ ਅੱਗੇ ਨਹੀਂ ਤੁਰਨਾ ਹੁੰਦਾ। ਛੱਤ ਉੱਪਰ ਸੈਰ ਕਰਨ ਵਾਲੇ, ਮੀਲਾਂ ਦੀਆਂ ਗੱਪ ਨਹੀਂ ਮਾਰ ਸਕਦੇ। ਪਾਣੀ ਵਿਚ ਉਤਰਨ ਵਾਲਾ ਬੰਦਾ ਹੀ ਤਰਨਾ ਸਿੱਖ ਸਕਦਾ ਹੈ। ਮਛੇਰਿਆਂ ਦੀ ਸਿਖਲਾਈ ਲਈ ਕੋਈ ਯੂਨੀਵਰਸਿਟੀ ਨਹੀਂ ਹੁੰਦੀ। ਚੋਂਦੀਆਂ ਛੱਤਾਂ ਥੱਲੇ ਰਹਿਣ ਵੱਲਿਆਂ ਨੂੰ ਛੱਤਾਂ ਲਿਪਣ ਦੀ ਜਾਚ ਆਪਣੇ ਆਪ ਹੀ ਆ ਜਾਂਦੀ ਹੈ। ਬਹਾਦਰੀ ਕੱਦ-ਕਾਠ ਤੱਗੜਾ ਹੋਣ ਨਾਲ ਨਹੀਂ ਆਉਂਦੀ, ਵਕਤ, ਹਰ ਮੁਸੀਬਤ ਦਾ ਮੁਕਾਬਲਾ ਕਰਨ ਲਈ ਬੰਦੇ ਦੇ ਅੰਦਰੋਂ ਹੀ ਤਾਕਤ ਪੈਦਾ ਕਰ ਦੇਂਦਾ ਹੈ। ਚਲਣਾ ਸਿੱਖਣ ਬਾਦ ਦੌੜਨਾ ਆਪੇ ਹੀ ਆ ਜਾਂਦਾ ਹੈ। ਸੰਤੁਸ਼ਟੀ ਰੁਕਾਵਟ ਦਾ ਦੂਜਾ ਨਾਂ ਹੈ, ਕਿਸੇ ਕੰਮ ਨੂੰ ਪੂਰਾ ਕਰਨ ਦੀ ਤਾਂਘ ਤੇ ਕੁਝ ਹੋਰ ਵਧੀਆ ਕਰਨ ਦੀ ਚਾਹਤ ਹੀ ਆਦਮੀ ਨੂੰ ਅੱਗੇ ਤੋਰਦੀ ਹੈ।

ਬਜ਼ੁਰਗਾਂ ਦੀ ਕੀਤੀ ਮਿਹਨਤ ਨੂੰ ਨਿਕਾਰਨਾ ਨਾ-ਸ਼ੁਕਰਾਪਨ ਹੁੰਦਾ ਹੈ। ਉਨ੍ਹਾਂ ਨੇ ਆਪਣੀ ਔਲਾਦ ਨੂੰ ਸਹੀ ਰਸਤੇ ਤੋਰਨ ਲਈ ਆਪਣੀ ਸਾਰੀ ਜ਼ਿੰਦਗੀ ਲਾਈ ਹੁੰਦੀ ਹੈ। ਜੇ ਉਹ ਆਪਣੀ ਔਲਾਦ ਨੂੰ ਆਪਣੀ ਔਕਾਤ

(ਬਾਕੀ ਸਫਾ 20 ਤੇ)


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਪੰਜਾਬੀ ਬਜ਼ੁਰਗ ਅਮਰੀਕ ਸਿੰਘ ਬੱਲ ਤੇ ਫਰਿਜ਼ਨੋ ਵਿਖੇ ਨਸਲੀ ਹਮਲਾ

**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ / ਕੁਲਵੰਤ ਧਾਲੀਆਂ–** ਸੈਂਟਰਲ ਵੈਲੀ ਦੇ ਸ਼ਹਿਰ ਫਰਿਜ਼ਨੋ ਵਿਖੇ ਲੰਘੇ ਸ਼ਨੀਵਾਰ ਸੀਲਡ ਅਤੇ ਬਰਨਜ਼ਵਿੱਕ ਸਟਰੀਟ ਦੇ ਕੌਰਨਰ ਤੇ ਇੱਕ 68 ਸਾਲਾ ਪੰਜਾਬੀ ਬਜ਼ੁਰਗ ਅਮਰੀਕ ਸਿੰਘ ਬੱਲ ਤੇ ਦੋ ਨਸਲਵਾਦੀ ਗੋਰਿਆ ਨੇ ਅਚਾਨਕ ਹੱਲਾ ਬੋਲਕੇ ਉਸਨੂੰ ਗਭੀਰ ਰੂਪ ਵਿੱਚ ਜ਼ਖਮੀਂ ਕਰ ਦਿੱਤਾ ਗਿਆ।

ਉਪਰੰਤ ਉਸਨੂੰ ਸਥਾਨਿਕ ਕਮਿਉਨਟੀ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ। ਜਿਥੇ ਉਸਦੀ ਕਾਲਰ-ਬੋਨ ਟੁਟੀ ਪਾਈ ਗਈ। ਇਸ ਤੋਂ ਇਲਾਵਾ ਉਹਨਾਂ ਦੇ ਨੱਕ ਅਤੇ ਬਾਂਹ ਉਪਰ ਵੀ ਗੰਭੀਰ ਸੱਟਾ ਵੱਜੀਆਂ। ਕੁਝ ਦਿਨਾਂ ਬਾਅਦ ਅਮਰੀਕ ਸਿੰਘ ਨੂੰ ਹਸਪਤਾਲ ਚੋਂ ਛੁਟੀ ਦੇ ਦਿੱਤੀ ਗਈ ਅਤੇ ਇਸ ਪਿੱਛੋਂ ਹੁਣ ਉਹ ਘਰ ਬਿਸਤਰ ਅਰਾਮ ਤੇ ਹਨ। ਪੱਤਰਕਾਰਾ ਨਾਲ ਗੱਲਬਾਤ ਕਰਦਿਆਂ ਉਹਨਾਂ ਦੱਸਿਆ ਕਿ ਉਹ ਪਿਛਲੇ ਕਾਫੀ ਸਮੇਂ ਤੋਂ ਸ. ਚਰਨਜੀਤ ਸਿੰਘ ਬਾਠ ਦੇ ਫਾਰਮ ਵਿੱਚ ਕੰਮ ਕਰਦੇ ਹਨ ਅਤੇ ਹਮੇਸ਼ਾਂ ਦੀ ਤਰਾਂ ਆਪਣੇਂ



ਘਰੋਂ ਬਾਹਰ ਨਿਕਲਕੇ ਉਹ ਸਵੱਖਤੇ ਆਪਣੀ ਸਵਾਰੀ ਦੀ ਉਡੀਕ ਕਰ ਰਹੇ ਸਨ ਕਿ ਅਚਾਨਕ ਦੋ ਗੋਰੇ ਨੌਜਵਾਨ ਮੁੰਡਿਆਂ ਨੇਂ ਉਹਨਾਂ ਦੇ ਬਰਾਬਰ ਲਿਆਕੇ ਕਾਰ ਰੋਕੀ ਅਤੇ ਉਹ ਗਾਲੀ ਗਲੋਚ ਕਰਨ ਲੱਗੇ ਤਾਂ ਬਜ਼ੁਰਗ ਨੇਂ ਸੜਕ ਦੇ ਦੂਜੇ ਪਾਸੇ ਜਾਣ ਵਿੱਚ ਹੀ ਭਲਾਈ ਸਮਝੀ, ਲੇਕਿਨ ਇਹਨਾਂ ਨਸਲੀ ਵਿਤਕਰੇ ਨਾਲ ਭਰੇ ਪੀਤੇ ਗੋਰਿਆਂ ਨੇ ਗੱਡੀ ਮੋੜਕੇ ਬਜ਼ੁਰਗ ਨੂੰ ਟੱਕਰ ਮਾਰਕੇ ਹੇਠਾਂ ਸੁਟਿਆ ਅਤੇ ਸੰਘਣੀ ਧੁੰਦ ਵਿੱਚ ਬੁਰੀ ਤਰਾਂ ਕੁਟਿਆ। ਬਜ਼ੁਰਗ ਨੇਂ ਬਥੇਰੀਆਂ ਚੀਕਾ ਮਾਰੀਆਂ ਆਪਣੇਂ ਬਚਾਓ ਲਈ ਹਾਲ ਦੁਹਾਈ ਮਚਾਈ ਲੇਕਿਨ ਉਹਦੀ ਮੱਦਦ ਲਈ ਕੋਈ ਨਹੀਂ ਬਹੁੜਿਆ। ਅਖੀਰ ਸੜਕ ਤੇ ਪਿੱਛੋਂ ਕਾਰ ਆਉਂਦੀ ਵੇਖਕੇ ਇਹ ਦਰਿੰਦੇ ਬਜ਼ੁਰਗ ਨੂੰ ਲਹੂ ਲੁਹਾਨ ਨੂੰ ਸੜਕ ਵਿਚਕਾਰ ਛੱਡਕੇ ਦੌੜ ਗਏ। ਇਥੇ ਹੀ ਫੇਰ ਕਿਸੇ ਨੇ ਐਂਬੂਲੈਸ ਨੂੰ ਕਾਲ ਕੀਤੀ ਤੇ ਬਜ਼ੁਰਗ ਨੂੰ ਹਸਪਤਾਲ ਪਹੁੰਚਾਇਆ। ਪੁਲਿਸ ਨੇਂ ਕੇਸ ਦਰਜ਼ ਕਰਕੇ ਦੋਸ਼ੀਆਂ ਦੀ ਭਾਲ ਅਰੰਭੀ ਹੋਈ ਹੈ, ਲੇਕਿਨ ਪੁਲਿਸ ਹਾਲੇ ਤੱਕ ਕੋਈ ਵੀ ਗਰਿਫ਼ਤਾਰੀ ਕਰਨ ਵਿੱਚ ਨਾਕਾਮ ਰਹੀ ਹੈ। ਯਾਦ ਰਹੇ ਕਿ ਇਸ ਤੋਂ ਪਹਿਲਾ ਵੀ ਇੱਕ ਬਜ਼ੁਰਗ ਪਿਆਰਾ ਸਿੰਘ ਨੂੰ ਸਾਲ ਕੁ ਪਹਿਲਾ ਫਰਿਜ਼ਨੋ ਦੇ ਗੁਰਦਵਾਰਾ ਨਾਨਕ ਸਰ ਚੈਰੀ ਰੋਡ ਦੇ ਬਾਹਰ ਨਸਲੀ ਵਿਤਕਰੇ ਕਾਰਨ ਗੰਭੀਰ ਜਖਮੀਂ ਕਰ ਦਿੱਤਾ ਗਿਆ ਸੀ। ਇਸ ਤਾਜ਼ੀ ਘਟਨਾ ਨੂੰ ਲੈਕੇ ਫਰਿਜ਼ਨੋ ਨਿਵਾਸੀ ਸਿੱਖ ਬਹੁਤ ਸਹਿਮੇਂ ਹੋਏ ਹਨ ਅਤੇ ਪੁਲਿਸ ਨੇਂ ਇਕੱਲੇ-ਕਹਿਰੇ ਸਿੱਖ ਬਜ਼ੁਰਗਾਂ ਨੂੰ ਆਪਣੇਂ ਆਲੇ ਦੁਆਲੇ ਚੌਕਸੀ ਵਰਤਣ ਦੀ ਸਲਾਹ ਦਿੱਤੀ ਹੈ।




*ਖਾਲਸਾ ਪੰਜਾਬੀ ਸਕੂਲ, ਟੈਰਾ ਬੁਆਇਨਾ ਰੋਡ, ਯੂਬਾ ਸਿਟੀ ਵਿਚ ਸਾਕਾ ਚਮਕੌਰ ਤੇ ਸਾਕਾ ਸਰਹਿੰਦ ਨੂੰ ਯਾਦ ਕਰਨ ਲਈ ਸ: ਸੁਖਦੇਵ ਸਿੰਘ ਢਿਲੋਂ ਦੁਆਰਾ ਪੰਜ ਐਤਵਾਰ ਕੈਂਪ ਲਾਇਆ ਗਿਆ।ਇਸ ਇਤਿਹਾਸਿਕ ਚੈਪਟਰ ਬਾਰੇ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਵਲੋਂ ਕੀਤੇ ਪ੍ਰਸ਼ਨਾਂ ਦੇ ਉਤਰ ਪੰਜਾਬੀ ਤੇ ਅੰਗਰੇਜ਼ੀ ਦੋਣਾ ਭਾਸ਼ਾਵਾਂ ਵਿਚ ਦਿੱਤੇ ਗਏ। ਗੁਰੂਘਰ ਦੀ ਪ੍ਰਬੰਧਕ ਕਮੇਟੀ ਵਲੋਂ ਪ੍ਰਧਾਨ,ਪ੍ਰੀਤਮ ਸਿੰਘ ਨੇ ਸ: ਸੁਖਦੇਵ ਸਿੰਘ ਢਿਲੋਂ, ਕੁਆਰਡੀਨੇਟਰ ਨੀਨਾ ਜੌਹਲ ਤੇ ਸਾਰਿਆਂ ਦਾ ਇਸ ਚੰਗੇ ਉਪਰਾਲੇ ਲਈ ਧੰਨਵਾਦ ਕੀਤਾ।*

## ਪੀ ਸੀ ਏ ਮੈਂਬਰ ਮਿੱਕੀ ਸਰਾਂ ਨੂੰ ਸਦਮਾ

**ਸੈਨਹੋਜੇ (ਕੈਲੇਫੋਰਨੀਆਂ) ਨੀਟਾ ਮਾਛੀਕੇ/ਕੁਲਵੰਤ ਧਾਲੀਆਂ–** ਪੰਜਾਬੀ ਕਲਚਰਲ ਐਸੋਸ਼ੀਏਸ਼ਨ ਦੇ ਮੋਢੀ ਮੈਬਰ ਮਿੱਕੀ ਸਰਾਂ ਨੂੰ ਪਿਛਲੇ ਦਿਨੀਂ ਉਸ ਸਮੇਂ ਗਹਿਰਾ ਸਦਮਾਂ ਲੱਗਾ ਜਦੋਂ ਪੰਜਾਬ ਰਹਿੰਦੇ ਉਹਨਾਂ ਦੇ ਪਿਤਾ ਸ. ਰਛਪਾਲ ਸਿੰਘ ਸਰਾਂ (ਫੌਜੀ) ਲੰਮੀਂ ਬਿਮਾਰੀ ਕਾਰਨ ਅਕਾਲ ਚਲਾਣਾ ਕਰ ਗਏ। ਉਹ 75 ਸਾਲ ਦੇ ਸਨ। ਉਹਨਾਂ ਦੀ ਦੇਹ ਦਾ ਅੰਤਿਮ ਸੰਸਕਾਰ ਉਹਨਾਂ ਜੱਦੀ ਪਿੰਡ ਉਸਮਾਨ ਸ਼ਹੀਦ ਤਹਿਸੀਲ ਦਸੂਹਾ ਜਿਲਾਂ ਹੁਸ਼ਿਆਰਪੁਰ ਵਿਖੇ ਮਿੱਤੀ 30 ਦਸੰਬਰ ਦਿਨ ਬੁਧਵਾਰ ਦੁਪਿਹਰ 12 ਵਜੇ ਕੀਤਾ ਜਾਵੇਗਾ। ਸਰਾਂ ਪਰਿਵਾਰ ਨਾਲ ਦੁਖ ਸਾਝਾ ਕਰਨ ਲਈ ਫੋਨ ਕਰ ਸਕਦੇ ਹੋਂ, ਭਾਰਤ ਦਾ ਨੰਬਰ 9915323563 ਅਮਰੀਕਾ ਨੰਬਰ 14089667019....!



# ਅਮਰੀਕਾ ਵਿਚ ਸਿੱਖਾਂ ਉਪਰ ਵੱਧ ਰਹੇ ਨਸਲੀ ਹਮਲੇ ਚਿੰਤਾ ਦਾ ਵਿਸ਼ਾ-ਧੂਤ

**ਜਲੰਧਰ–** ਨਾਰਥ ਅਮਰੀਕਨ ਪੰਜਾਬੀ ਐਸੋਸ਼ੀਏਸ਼ਨ (ਨਾਪਾ) ਨੇ ਅਮਰੀਕਾ ਅੰਦਰ ਦਿਨੋਂ ਦਿਨ ਵਧ ਰਹੇ ਨਸਲੀ ਬਾਰੇ ਆਪਣੀ ਚਿੰਤਾ ਦਾ ਪਰਗਟਾਵਾ ਕਰਦਿਆਂ ਕਿਹਾ ਕਿ ਹਾਲ ਹੀ ਵਿਚ ਕੈਲੀਫੋਰਨੀਆ ਦੇ ਸ਼ਹਿਰ ਫਰਿਜ਼ਨੋ ਵਿਖੇ ਇਕ ਪੰਜਾਬੀ ਬਜ਼ੁਰਗ ਅਮਰੀਕ ਸਿੰਘ ਬੱਲ ਤੇ ਦੋ ਨਸਲਵਾਦੀ ਗੋਰਿਆ ਨੇ ਅਚਾਨਕ ਹੱਲਾ ਬੋਲਕੇ



ਉਸਨੂੰ ਗਭੀਰ ਰੂਪ ਵਿੱਚ ਜ਼ਖਮੀ ਕਰ ਦਿੱਤੇ ਜਾਣ ਤੋਂ ਬਾਅਦ ਅਮਰੀਕਾ ਅੰਦਰ ਰਹਿਣ ਵਾਲਾ ਪੂਰਾ ਸਿਖ ਭਾਈਚਾਰਾ ਡਰ ਤੇ ਸਹਿਮ ਦੇ ਆਲਮ ਵਿਚ ਹੈ। ਇਸ ਸਿਖ ਬਜੁਰਗ ਉਪਰ ਹੋਏ ਕਾਤਲਾਨਾ ਹਮਲੇ ਦੀ ਜੋਰਦਾਰ ਸ਼ਬਦਾਂ ਵਿਚ ਨਿਖੇਧੀ ਕਰਦਿਆਂ ਨਾਪਾ ਦੇ ਚੇਅਰਮੈਨ ਸ: ਦਲਵਿੰਦਰ ਸਿੰਘ ਧੂਤ ਨੇ ਦਸਿਆ ਕਿ ਹਮਲੇ ਦਾ ਸ਼ਿਕਾਰ ਹੋਏ ਸਿਖ ਨੂੰ ਸਥਾਨਿਕ ਕਮਿਉਨਟੀ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਜਿਥੇ ਉਸਦੀ ਕਾਲਰ-ਬੋਨ ਟੁੱਟੀ ਪਾਈ ਗਈ ਦੱਸੀ ਜਾਂਦੀ ਹੈ। ਇਸ ਤੋਂ ਇਲਾਵਾ ਉਹਨਾਂ ਦੇ ਨੱਕ ਅਤੇ ਬਾਂਹ ਉਪਰ ਵੀ ਗੰਭੀਰ ਸੱਟਾ ਵੱਜੀਆਂ ਹਨ। ਸ: ਧੂਤ ਨੇ ਦਸਿਆ ਕਿ ਅਮਰੀਕ ਸਿੰਘ ਬੱਲ ਇਕ ਫਾਰਮ ਵਿੱਚ ਕੰਮ ਕਰਦੇ ਹਨ ਅਤੇ ਹਮੇਸ਼ਾਂ ਦੀ ਤਰਾਂ ਆਪਣੇ ਘਰੋਂ ਬਾਹਰ ਨਿਕਲਕੇ ਉਹ ਸਵੱਖਤੇ ਆਪਣੀ ਸਵਾਰੀ ਦੀ ਉਡੀਕ ਕਰ ਰਹੇ ਸਨ।

# ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ ਦੀ ਮਾਸਿਕ ਇਕੱਤਰਤਾ





**ਸੈਕਰਾਮੈਂਟੋ–** ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ ਦੀ ਮਹੀਨਾਵਾਰ ਇਕੱਤਰਤਾ ਬੀਤੇ ਐਤਵਾਰ ਦਸੰਬਰ 27 ਨੂੰ ਮਾਉਂਨਟੇਨ ਮਾਈਕ ਪੀਜ਼ਾ (ਆਵਰਨ ਬੁਲੇਵਾਰਡ) ਸੈਕਰਾਮੈਂਟੋ ਵਿਖੇ ਸਭਾ ਦੇ ਪ੍ਰਧਾਨ ਦਿਲਵੀਰ ਦਿਲ ਨਿੱਜਰ ਦੀ ਪ੍ਰਧਾਨਗੀ ਹੇਠ ਹੋਈ।

ਦੁਪਹਿਰ 1 ਤੋਂ 1.30 ਵਜੇ ਤੱਕ ਰਮੇਸ਼ ਕੁਮਾਰ ਬੰਗੜ ਵੱਲੋਂ ਹਾਜ਼ਰ ਸਾਹਿਤਕਾਰਾਂ ਲਈ ਲੰਚ ਦੀ ਸੇਵਾ ਕੀਤੀ ਗਈ।ਉਪਰੰਤ ਸਭਾ ਵੱਲੋਂਸਰਗਰਮ ਕਾਰਜਕਾਰੀ ਮੈਂਬਰ ਰਮੇਸ਼ ਕੁਮਾਰ ਬੰਗੜ ਦੀ ਦੂਸਰੀ ਕਾਵਿਕ ਕਿਤਾਬ 'ਪੁਰੇ ਦੀ ਹਵਾ' ਲੋਕ ਅਰਪਣ ਕੀਤੀ ਗਈ। ਪ੍ਰਧਾਨਗੀ ਮੰਡਲ ਵਿਚ ਪ੍ਰਧਾਨ ਦਿਲ ਨਿੱਜਰ, ਕਵੀ ਰਮੇਸ਼ ਕੁਮਾਰ ਬੰਗੜ ਅਤੇ ਸਥਾਈ ਡਾਇਰੈਕਟਰ ਅਤੇ ਸਭਾ ਦੇ ਸੰਸਥਾਪਕ ਮਹਿੰਦਰਸਿੰਘ 'ਘੱਗ' ਸੁਸ਼ੋਭਿਤ ਹੋਏ।

ਸਭ ਤੋਂ ਪਹਿਲਾਂ ਪ੍ਰਧਾਨ ਦਿਲ ਨਿੱਜਰ ਨੇ ਆਏ ਹੋਏ ਮਹਿਮਾਨਾਂ ਅਤੇ ਕਵੀਆਂ ਦਾ ਜੀ ਆਇਆਂ ਕਹਿੰਦੀਆਂ ਸਵਾਗਤ ਕੀਤਾ ਅਤੇ 'ਪੁਰੇ ਦੀ ਹਵਾ' ਕਿਤਾਬ ਬਾਰੇ, ਆਪਣੇ ਵਿਚਾਰ ਪੇਸ਼ ਕਰਦਿਆਂ ਕਵੀ ਨੂੰ ਕਿਤਾਬ ਦੀ ਆਮਦ ਤੇ ਵਧਾਈ ਦਿੱਤੀ ਅਤੇ ਸ਼ਲਾਘਾ ਕੀਤੀ ਅਤੇ ਦਿਲ ਨਿੱਜਰ ਨੇ ਆਪਣੀ ਪਿਛਲੇ ਦਿਨੀਂ ਪੰਜਾਬ ਫੇਰੀ ਦੌਰਾਨ ਵੱਖ-ਵੱਖ ਸੰਸਥਾਵਾਂ ਵੱਲੋਂ ਉਹਨਾਂ ਨੂੰ ਸਨਮਾਨਿਤ ਕਰਨ ਬਾਰੇ ਸੰਖੇਪ ਜਾਣਕਾਰੀ ਸਾਂਝੀ ਕੀਤੀ।

ਸਟੇਜ ਸਕੱਤਰ ਜੋਤੀ ਸਿੰਘ ਨੇ ਨਵੇਂ ਮਹਿਮਾਨਾਂ ਡਾ. ਨਿਰਮਲ ਸਿੰਘ ਮਾਨ, ਦਲਜੀਤ ਕੌਰ ਸੰਧੂਅਤੇ ਸਰਫਰਾਜ਼ 'ਤਾਬੀਸ਼' ਨਾਲ ਜਾਣ-ਪਛਾਣ ਕਰਵਾਈ।ਡਾਇਰੈਕਟਰ ਮਹਿੰਦਰ ਸਿੰਘ ਘੱਗ ਜੋ ਦਿਲ ਨਿੱਜਰ ਦੇ ਨਾਲ ਪੰਜਾਬ ਫੇਰੀ 'ਤੇ ਗਏ ਸਨ, ਨੇਵੀ ਬੰਗੜ ਜੀ ਦੀ ਕਿਤਾਬ ਬਾਰੇ ਪਰਚਾ ਪੜ੍ਹਦਿਆਂ, ਆਪਣੇ ਵਿਚਾਰ ਸਾਂਝੇ ਕੀਤੇ ਅਤੇ ਆਪਣੀ ਪੰਜਾਬ ਫੇਰੀ ਬਾਰੇ ਵਿਸਥਾਰਿਤ ਜਾਣਕਾਰੀ ਸਾਂਝੀ ਕੀਤੀ।

ਉਪਰੰਤ ਸਭਾ ਦੇ ਖਜ਼ਾਨਚੀ ਅਤੇ ਨੌਜਵਾਨ ਕਵੀ ਅਤੇ ਗਾਇਕ, ਜੀਵਨ ਰੱਤੂ ਨੇ ਬੰਗੜ ਦੀ ਕਿਤਾਬ 'ਪੁਰੇ ਦੀ ਹਵਾ' ਦੀ ਪੜਚੋਲ ਕਰਦਿਆਂ ਕਿਤਾਬ ਦੀਆਂ ਖੂਬੀਆਂ, ਪ੍ਰਾ-ਪਤੀਆਂ ਅਤੇ ਖਾਮੀਆਂ ਬਾਰੇ ਵਿਸਥਾਰ ਸਹਿਤ ਵਿਚਾਰ ਸਾਂਝੇ ਕੀਤੇ। ਸਭਾ ਦੇ ਸੀਨੀਅਰ ਮੈਂਬਰ ਕਵੀ ਡਾ. ਪ੍ਰਗਟ ਸਿੰਘ ਜੀ ਨੇ ਸੰਤੋਖ ਸਿੰਘ 'ਧੀਰ' ਦੁਆਰਾ ਰਚਿਤ ਰਚਨਾ, ਤਰੰਨਮ ਵਿਚ ਗਾ ਕੇ ਸਾਂਝ ਪਾਈ।

ਸਕੱਤਰ ਅਤੇ ਪ੍ਰੈਸ ਸਕੱਤਰ ਇੰਦਰਜੀਤ ਸਿੰਘ ਗਰੇਵਾਲ ਨੇ ਬੰਗੜ ਜੀ ਨੂੰ ਉਹਨਾਂ ਦੀ ਕਿਤਾਬ 'ਪੁਰੇ ਦੀ ਹਵਾ' ਲਈ ਮੁਬਾਰਕਬਾਦ ਦਿੰਦਿਆਂ ਅਗਲੇ ਮਹੀਨੇ ਜਨਵਰੀ 21 ਨੂੰ ਸਭਾ ਦੀ ਮਾਸਿਕ ਇਕੱਤਰਤਾ 'ਤੇ ਇਸ ਕਿਤਾਬ ਉਪਰ ਚਰਚਾ ਕਰਨ ਲਈ ਆਪਣਾ ਸੁਝਾਅ ਪੇਸ਼ ਕੀਤਾ ਅਤੇ ਸਭਾ ਦੇ ਡਾਇਰੈਕਟਰ ਰਾਠੇਸ਼ਵਰ ਸਿੰਘ ਸੂਰਾਪੁਰੀ ਅਤੇ ਗਰੇਵਾਲ ਨੇ ਸਭਾ ਦੇ ਪ੍ਰਧਾਨ ਅਤੇ ਡਾਇਰੈਕਟਰਜ਼ ਨੂੰ ਲਿਖਤੀ ਸੁਝਾਅ ਦਿੰਦਿਆਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਸਭਾ ਦੁਆਰਾ ਕਿਤਾਬ ਲੋਕ ਅਰਪਿਤ ਕਰਨ ਲਈ ਲੇਖਕ ਨੂੰ ਵਿਅਕਤੀਗਤ ਤੌਰ ਤੇ ਘੱਟੋ-ਘੱਟ ਦੋ ਹਫਤੇ ਪਹਿਲਾਂ ਸਭਾ ਨਾਲ ਸੰਪਰਕ ਕਰਨਾ ਚਾਹੀਦਾ ਹੈ।

ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ ਵੱਲੋਂ ਸਭਾ ਦੇ ਮੈਂਬਰ ਲੇਖਕਾਂ ਦੀਆਂ ਕਾਵਿਕ ਰਚਨਾਵਾਂ ਦੀ ਪੁਸਤਕ ਤਿਆਰ ਕੀਤੀ ਜਾ ਰਹੀ ਹੈ। ਜਿਸ ਵਿਚ ਪ੍ਰਕਾਸ਼ਿਤ ਹੋਣ ਲਈ ਸਾਰੇ ਮੈਂਬਰਾਂ ਨੂੰ ਬੇਨਤੀ ਹੈ ਕਿ ਆਪੋ-ਆਪਣੀਆਂ 5-7 ਅਣਪ੍ਰਕਾਸ਼ਿਤ ਰਚਨਾਵਾਂ ਭੇਜਣ ਲਈ ਛੇਤੀ ਤੋਂ ਛੇਤੀ, ਸਭਾ ਦੇ ਪ੍ਰਧਾਨ ਦਿਲ ਨਿੱਜਰ ਨਾਲ 916-628-2210 ਜਾਂ ਸਕੱਤਰ ਇੰਦਰਜੀਤ ਗਰੇਵਾਲ ਨਾਲ 916-248-1535 ਤੇ ਸੰਪਰਕ ਕੀਤਾ ਜਾਵੇ। ਕਿਤਾਬ ਵਿਚ ਰਚਨਾਵਾਂ ਸ਼ਾਮਲ ਕਰਨ ਲਈ ਆਖਰੀ ਤਾਰੀਖ ਮਾਰਚ 10, 2016 ਹੈ। ਇਸ ਉਪਰੋਕਤ ਸੁਝਾਅ ਅਤੇ ਬੇਨਤੀ ਕਰਨ ਤੋਂ ਬਾਅਦ ਗਰੇਵਾਲ ਨੇ ਆਪਣੀ ਗਜ਼ਲ 'ਸੀਨੇ ਸਿਤਮ ਜਰ ਕੇ ਬਹਿ ਗਿਆ' ਸੁਣਾਈ।

ਉਸ ਤੋਂ ਬਾਅਦ ਸਟੇਜ ਦੀ ਕਾਰਵਾਈ ਨੂੰ ਜਾਰੀ ਰੱਖਦਿਆਂ ਜੋਤੀ ਸਿੰਘ ਜੀ ਨੇ ਆਪਣੀ ਰਚਨਾ, ਅਲਵਿਦਾ ਅਲਵਿਦਾ 2015 ਪੇਸ਼ ਕੀਤੀ। ਸੀਨੀਅਰ ਕਹਾਣੀਕਾਰ, ਗੀਤਕਾਰ ਅਤੇ ਕਵੀ, ਡਾਇਰੈਕਟਰ ਰਾਠੇਸ਼ਵਰ ਸਿੰਘ ਸੂਰਾਪੁਰੀ ਨੇ ਆਪਣੀ ਰਚਨਾ 'ਪਛਤਾਓਗੇ' ਦੁਆਰਾ ਆਪਣੇ ਪਿਛੋਕੜ ਨਾਲ ਜੁੜੇ ਰਹਿਣ ਦਾ ਸੱਦਾ ਦਿੱਤਾ।

ਸਭਾ ਵਿਚ ਲਹਿੰਦੇ ਪੰਜਾਬ ਦੇ ਸ਼ਾਇਰ, ਜਨਾਬ ਸਰਫਰਾਜ਼ ਤਾਬਿਸ਼ ਦੁਆਰਾ ਇੰਗਲਿਸ਼ ਵਿਚ 2016 ਨੂੰ ਜੀ ਆਇਆਂ ਕਹਿੰਦੀ ਰਚਨਾ ਪੇਸ਼ ਕੀਤੀ ਅਤੇ ਮਲਿਕ ਇਮਤਿਆਜ਼ ਵੱਲੋਂ ਵੀ ਆਪਣੇ ਕਲਾਮ ਪੇਸ਼ ਕੀਤੇ ਗਏ।

ਹੁਣ ਵਾਰੀ ਸੀ ਇਕ ਵਾਰ ਫਿਰ ਨਵੀਂ ਕਿਤਾਬ 'ਪੁਰੇ ਦੀ ਹਵਾ' ਬਾਰੇ ਗੱਲਬਾਤ ਦੀ, ਲੇਖਕ ਰਮੇਸ਼ ਕੁਮਾਰ ਬੰਗੜ ਜੀ ਨੇ ਸਟੇਜ ਤੋਂ ਆਪਣੇ ਸਾਹਿਤਕ ਸਫਰ ਅਤੇ ਪੰਜਾਬੀ ਸਾਹਿਤ ਸਭਾ ਨਾਲ ਆਪਣੇ ਸਬੰਧਾਂ ਬਾਰੇ ਭਾਵਨਾਤਮਕ ਗੱਲਾਂਬਾਤਾਂ ਕੀਤੀਆਂ। ਬੰਗੜ ਜੀ ਨੇ ਪਸਸਕ ਦਾ ਆਪਣਾ ਸਾਹਿਤਕ ਸਫਰ ਲਈ ਵਰਦਾਨ ਮੰਨਦਿਆਂ ਆਪਣੀਆਂ ਦੋਵੇਂ ਪੁਸਤਕਾਂ, ਪਹਿਲਾ ਪੌਡਾ ਅਤੇ ਪੁਰੇ ਦੀ ਹਵਾ ਦਾ ਸਮਰਪਣ ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ ਨੂੰ ਕੀਤਾ ਅਤੇ ਆਪਣੀ ਨਵੀਂ ਰਚਨਾ 'ਰਜਿੰਸ਼ਾਂ ਤੋਂ ਸ਼ੁਰੂ ਹੁੰਦੇ, ਜਿੰਨੇ ਵੀ ਨਾਸੂਰ ਨੇ' ਸਾਂਝੀ ਕੀਤੀ ਤੇ ਬੰਗੜ ਜੀ ਦੇ ਪਿਤਾ ਜੋ ਆਪ ਬੜੇ ਅੱਛੇ ਕਵੀ ਹਨ, ਅਜੀਤ ਰਾਮ ਬੰਗੜ ਜੀ ਨੇ ਪ੍ਰੋ. ਮੋਹਨ ਸਿੰਘ ਦੀ ਕਵਿਤਾ 'ਰੱਬ ਇਕ ਗੋਰਖਧੰਦਾ' ਪੜ੍ਹੀ। ਸਟਾਕਟਨ ਯੂਨਿਟ ਦੇ ਪ੍ਰਧਾਨ ਹਰਜਿੰਦਰ ਪੰਧੇਰ ਜੀ ਨੇ ਵੀ ਆਪਣੀ ਰਚਨਾ 'ਮੈਂ ਇਕ ਛੋਟਾ ਸ਼ਾਇਰ ਹਾਂ' ਪੜ੍ਹੀ।

ਨੌਜਵਾਨ ਕਵੀ ਅਤੇ ਗੀਤਕਾਰ ਗੁਰਿੰਦਰ ਸੂਰਾਪੁਰੀ ਨੇ ਆਪਣੀ ਰਚਨਾ 'ਗੁਰਮੰਤਰ' ਸੁਣਾ ਕੇ ਮੰਤਰ ਮੁਗਧ ਕੀਤਾ। ਪਹਿਲੀ ਵਾਰ ਪਹੁੰਚੇ ਸੀਨੀਅਰ ਕਵੀ ਡਾ. ਨਿਰਮਲ ਸਿੰਘ ਮਾਨ ਜੀ ਨੇ ਉਰਦੂ ਦੀ ਗਜ਼ਲ ਨਾਲ ਸਾਂਝ ਪਾਈ। ਸਭਾ ਦੇ ਡਾਇਰੈਕਟਰ ਹਰਭਜਨ ਸਿੰਘ 'ਢੇਰੀ' ਜੀ ਨੇ ਵੀ ਆਪਣੀ ਰਚਨਾ ਅਤੇ ਸ਼ੇਅਰਾਂ ਰਾਹੀਂ ਰੰਗ ਬੰਨ੍ਹਿਆ। ਜੀਵਨ ਰੱਤੂ ਨੇ ਇਕ ਵਾਰ ਫਿਰ ਬੰਗੜ ਜੀ ਦੀ ਨਵੀਂ ਕਿਤਾਬ 'ਚੋਂ ਉਹਨਾਂ ਦਾ ਕਲਾਮ, ਆਪਣੀ ਵੱਖਰੀ ਤੇ ਪਿਆਰੀ ਸ਼ੈਲੀ 'ਚ ਪੇਸ਼ ਕਰਕੇ ਵਾਹ-ਵਾਹ ਖੱਟੀ ਅਤੇ ਪਸਸਕ ਦਾ ਲੇਖਾ-ਜੋਖਾ (ਹਿਸਾਬ-ਕਿਤਾਬ) ਵੀ ਦੱਸਿਆ। ਸਭਾ ਦੇ ਡਾਇਰੈਕਟਰ ਹਰਬੰਸ ਸਿੰਘ ਜਗਿਆਸੂ ਜੀ ਨੇ 'ਯਾਰੋ ਪਿਆਰ ਵਧਾਓ' ਆਪਣੇ ਯਾਰਾਂ ਨਾਲ ਸੁਣਾਉਣ ਉਪਰੰਤ ਬੰਗੜ ਜੀ ਨੂੰ ਕਿਤਾਬ ਲਈ ਵਧਾਈ ਦਿੱਤੀ। ਡਾਇਰੈਕਟਰ ਮਹਿੰਦਰ ਸਿੰਘ ਘੱਗ ਜੀ ਨੇ 'ਥੋਡੇ ਹੱਥ ਕਲਮਾਂ ਤੇ ਮੇਰੇ ਹੱਥ ਚਊ' ਆਪਣੀ ਸ਼ਾਹਕਾਰ ਰਚਨਾ ਰਾਹੀਂ ਕਵੀ ਅਤੇ ਕਿਸਾਨ ਦਾ ਸਮਾਜ ਲਈ ਯੋਗਦਾਨ ਕਿੰਨਾ ਜ਼ਰੂਰੀ ਹੈ, ਦੱਸਿਆ। ਕਹਾਣੀਕਾਰ ਤਤਿੰਦਰ ਕੌਰ ਦੀ ਕਹਾਣੀ, ਹੋਟਲ ਇਲਿਜਾਬੈਥ ਸਰੋਤਿਆਂ ਨੂੰ ਖੂਬਸੂਰਤ ਸ਼ਹਿਰ ਨੈਨੀਤਾਲ ਦੀਆਂ ਵਾਦੀਆਂ ਵਿਚ ਲੈ ਗਿਆ। ਅਖੀਰ ਵਿਚ ਸਭਾ ਦੇ ਪ੍ਰਧਾਨ ਦਿਲ ਨਿੱਜਰ ਨੇ ਸਾਰੇ ਹੀ ਆਏ ਹੋਏ ਹਾਜ਼ਰ ਪੰਜਾਬੀ ਸਾਹਿਤ ਪ੍ਰੇਮੀਆਂ ਦਾ ਧੰਨਵਾਦ ਕੀਤਾ ਅਤੇ ਦਲਜੀਤ ਕੌਰ ਸੰਧੂ ਜੀ ਜਿਹਨਾਂ ਨੇ ਸ਼ੁਰੂ ਤੋਂ ਅਖੀਰ ਤੱਕ ਸਮਾਗਮ ਦਾ ਆਨੰਦ ਮਾਣਿਆ ਦਾ ਧੰਨਵਾਦ ਕੀਤਾ। ਛੁੱਟੀਆਂ ਦੇ ਦਿਨ ਹੋਣ ਕਾਰਨ ਨਾ ਪਹੁੰਚ ਸਕੇ, ਮੈਂਬਰਾਂ ਦੀ ਘਾਟ ਨੂੰ ਵੀ ਮਹਿਸੂਸ ਕੀਤਾ ਗਿਆ ਅਤੇ ਯਾਦ ਕੀਤਾ ਗਿਆ। 'ਚਿੱਬ ਖੜਿੱਬਾ' ਹੋ ਕੇ ਵੀ ਕੰਮ ਆ ਜਾਂਦਾ, ਬੰਦਾ ਬਣਿਆ ਹੁੰਦਾ ਜੇਕਰ ਧਾਤਾਂ ਦਾ।' ਆਪਣੀ ਰਚਨਾ 'ਜਜ਼ਬਾਤਾਂ' ਸੁਣਾ ਕੇ ਕਵੀ ਦਰਬਾਰ ਨੂੰ ਸਮਾਪਤ ਕਰਦਿਆਂ ਪ੍ਰਧਾਨ ਦਿਲ ਨਿੱਜਰ ਨੇ ਸਭਾ ਦੀ ਅਗਲੀ ਇਕੱਤਰਤਾ ਜਨਵਰੀ 31, 2016 ਵਿਚ ਮਿਲਣ ਦਾ ਅਹਿਦ ਕਰਦਿਆਂ, ਇਕ ਵਾਰ ਫਿਰ ਸਾਰੇ ਹਾਜ਼ਰ ਸਾਹਿਤ ਪ੍ਰੇਮੀਆਂ ਦਾ ਧੰਨਵਾਦ ਕੀਤਾ।

# ਅਹਿਮਦੀਆ ਮੁਸਲਿਮ ਜਮਾਤ ਦਾ ਸੰਖੇਪ ਇਤਿਹਾਸ





**ਬਟਾਲਾ (ਨਰਿੰਦਰ ਬਰਨਾਲ)–** ਅਹਿਮਦੀਅਤ ਕਿਸੇ ਸਿਆਸੀ ਜਾਂ ਦੁਨਿਆਵੀ ਤਹਿਰੀਕ ਦਾ ਨਾਂ ਨਹੀ ਹੈ ਬਲਕਿ ਇਹ ਪੂਰੀ ਤਰਾਂ ਇਕ ਧਾਰਮਿਕ ਜਮਾਤ ਹੈ। ਜਿਸਦੀ ਬੁਨਿਆਦ ਹਜ਼ਰਤ ਮਿਰਜ਼ਾ ਗ਼ੁਲਾਮ ਅਹਿਮਦ ਸਾਹਿਬ ਕਾਦੀਆਨੀ (1835-1908) ਨੇ ਅੱਜ ਤੋਂ 126 ਸਾਲ ਪਹਿਲਾਂ ਪੰਜਾਬ ਦੇ ਲੁਧਿਆਣਾ ਸ਼ਹਿਰ ਚ ਰਖੀ ਸੀ। ਅਹਿਮਦੀਆ ਮੁਸਲਿਮ ਜਮਾਤ ਦੀ ਸਥਾਪਨਾ ਦਾ ਮਕਸਦ ਬਿਆਨ ਕਰਦੇ ਹੋਏ ਆਪ ਫ਼ਰਮਾਉਂਦੇ ਹਨ ਕਿ "ਖ਼ੁਦਾ ਚਾਹੁੰਦਾ ਹੈ ਕਿ ਉਹਨਾਂ ਸਾਰੀਆਂ ਰੂਹਾਂ ਨੂੰ ਜ਼ਮੀਨ ਚ ਵਿੱਚ ਵੱਖ ਵੱਖ ਆਬਾਦਿਆਂ ਚ ਆਬਾਦ ਹਨ,ਕੀ ਯੂਰੋਪ ਅਤੇ ਕੀ ਏਸ਼ੀਆ ਉਹਨਾਂ ਸਭ ਨੂੰ ਜੋ ਨੇਕ ਸੁਭਆ ਰੱਖਦੇ ਹਨ ਇਕ ਖ਼ੁਦਾ ਵੱਲ ਖਿਚੇ ਅਤੇ ਆਪਣੇ ਬੰਦਿਆਂ ਨੂੰ ਇਕ ਦੀਨ ਤੇ ਇਕਠੇ ਕਰੇ। ਇਹੋ ਖ਼ੁਦਾ ਦਾ ਮਕਸਦ ਹੈ ਜਿਸ ਲਈ ਮੈਂ ਭੇਜਿਆ ਗਿਆ ਹਾਂ। ਸੋ ਤੁਸੀਂ ਇਸ ਮਕਸਦ ਦੀ ਪੈਰਵੀ ਕਰੋ ਆਚਰਣ ਅਤੇ ਦੁਆ ਕਰਨ ਤੇ ਜ਼ੋਰ ਦੇਣ ਤੋਂ (ਅਲਵਸੀਅਤ)।

ਇਸ ਜ਼ਮਾਨੇ ਦੇ ਇਮਾਮ ਹਜ਼ਰਤ ਮਿਰਜ਼ਾ ਗੁਥਲਾਮ ਅਹਿਮਦ ਕਾਦੀਆਨੀ ਨੇ ਅਹਿਮਦੀਅਤ ਦੀ ਬੁਨਿਆਦ ਪਵਿੱਤਰ ਕੁਰਆਨੇ ਪਾਕ ਅਤੇ ਜ਼ਮਾਨੇ ਦੇ ਖ਼ਾਤੁਮਲਨਬੀਈਨ ਹਜ਼ਰਤ ਮੁਹੰਮਦ ਮੁਸਤਫ਼ਾ ਸਲਲਾਹੋ ਅਲੈਹੇਵਸਲਮ ਦੀ ਭਵਿਖਵਾਣੀ ਮੁਤਾਬਿਕ ਰਖੀ। ਹਜ਼ਰਤ ਮੁਹੰਮਦ ਮੁਹਸਤਫ਼ਾ ਸਲਲਾਹੋ ਅਲੈਹੇਵਸਲਮ ਨੇ ਭਵਿਖਵਾਣੀ ਕੀਤੀ ਸੀ ਕਿ ਇਕ ਸਮੇਂ ਮੁਸਲਿਮ ਜਗਤ 73 ਫ਼ਿਰਕੀਆਂ ਚ ਬਟ ਜਾਵੇਗਾ। ਉਸ ਵੇਲੇ ਮੁਸਲਿਮ ਜਗਤ ਦੇ ਸੁਧਾਰ ਲਈ ਇਮਾਮ ਮਹਿਦੀ ਪ੍ਰਗਟ ਹੋਣਗੇ। ਜਿਸਦੀ ਦੀ ਬੈਤ ਕਰਨਾ ਹਰੇਕ ਮੁਸਲਮਾਨ ਲਈ ਜ਼ਰੂਰੀ ਹੋਵੇਗਾ।

ਜਮਾਤੇ ਅਹਿਮਦੀਆ ਕੋਮੀ ਏਕਤਾ, ਦੂਜੇ ਧਰਮਾਂ ਦਾ ਸਤਕਾਰ ਅਤੇ ਇਨਸਾਨੀ ਇਖ਼ਲਾਕ ਦੀ ਸਰਬੁਲੰਦੀ ਲਈ ਕੰਮ ਕਰਨ ਵਾਲੀ ਇਕ ਬੇਹਤਰੀਨ ਜਮਾਤ ਹੈ। ਇਸ ਜਮਾਤ ਦੇ ਬੁਨਿਆਦੀ ਅਸੂਲਾਂ ਚ ਸਤਾਰੂੜ ਸਰਕਾਰ ਪ੍ਰਤੀ ਵਫ਼ਾਦਾਰੀ,ਹਰ ਧਰਮ ਦੇ ਧਾਰਮਿਕ ਸੰਸਥਾਪਕਾਂ ਦਾ ਸਤਕਾਰ ਅਤੇ ਇਨਸਾਨਿਅਤ ਨਾਲ ਹਮਦਰਦੀ ਦੀ ਪਵਿੱਤਰ ਸਿਖਿਆ ਅਤੇ ਇਨਸਾਨਿਅਤ ਦੀ ਸੇਵਾ ਕਰਨਾ ਸ਼ਾਮਿਲ ਹੈ। ਜਮਾਤੇ ਅਹਿਮਦੀਆ ਕੁਦਰਤੀ ਮੁਸੀਬਤਾਂ,ਭੂਚਾਲ, ਸੈਲਾਬ ਅਤੇ ਜਾਨ ਲੇਵਾ ਬੀਮਾਰੀਆਂ ਦੇ ਆਉਣ ਤੇ ਬਿਨਾਂ ਕਿਸੇ ਧਾਰਮਿਕ ਭੇਦਭਾਵ ਦੇ ਮਦਦ ਲਈ ਵਚਨਬਧ ਹੈ। ਅਤੇ ਸ਼ੁਰੂ ਤੋਂ ਹੀ ਆਪਣੀ ਸ਼ਾਂਤਿ ਪਸੰਦ ਸਿਖਿਆਂਵਾ ਅਤੇ ਸੁਲਹਪੂਰਨ ਰਵੈਆ ਅਪਣਾਉਣ ਦੇ ਲਈ ਪ੍ਰਸਿਧ ਹੈ। ਵੱਖ ਵੱਖ ਕੋਮਾਂ, ਦੇਸ਼ਾਂ ਅਤੇ ਧਰਮਾਂ ਦੇ ਲੱਖਾਂ ਇਨਸਾਨਾਂ ਨੇ ਇਸ ਜਮਾਤ ਚ ਸ਼ਾਮਿਲ ਹੋਕੇ ਚੰਗੇ ਆਚਰਣ ਅਤੇ ਰੂਹਾਨਿਅਤ ਚ ਬਹੁਤ ਬੁਲੰਦ ਮੁਕਾਮ ਹਾਸਿਲ ਕੀਤਾ ਹੈ। ਜਮਾਤੇ ਅਹਿਮਦੀਆ ਨੇ ਸੁਲਹਪਸੰਦੀ ਦੀ ਸਿਖਿਆ ਨੂੰ ਆਮ ਕਰਨ ਲਈ ਦੁਨਿਆ ਦੇ ਸਾਹਮਣੇ ਇਹ ਨਾਅਰਾ ਦਿਤਾ ਹੈ ਕਿ "ਮੁਹਬਤ ਸਭਣਾ ਨਾਲ, ਨਫ਼ਰਤ ਕਿਸੇ ਤੋਂ ਨਹੀਂ" ਜਮਾਤ ਦੀ ਸਿਖਿਆ ਦਾ ਅਸਰ ਦੇਸ਼ ਦੇ ਬੁਧੀਜੀਵੀ ਤਬਕੇ ਨੇ ਕਬੂਲ ਕੀਤਾ ਹੈ।

**ਜਮਾਤੇ ਅਹਿਮਦੀਆ ਦੀ ਮੋਜੂਦਾ ਹਾਲਤ:**

ਮੁਸਲਿਮ ਜਮਾਤੇ ਅਹਿਮਦੀਆ ਇਸ ਸਮੇਂ ਦੁਨਿਆ ਦੇ 207 ਦੇਸ਼ਾਂ ਚ ਕਾਇਮ ਹੈ। ਇਸਦਾ ਆਪਣਾ ਟੀ ਵੀ ਚੈਨਲ ਮੁਸਲਿਮ ਟੈਲੀਵੀਜ਼ਨ ਅਹਿਮਦੀਆ ਦੇ ਨਾਂ ਤੋਂ 24 ਘੰਟੇ ਦੀ ਵਿਸ਼ਵ ਵਿਆਪੀ ਪ੍ਰਸਾਰਣ ਕਰ ਰਿਹਾ ਹੈ। ਇਸ ਸਾਲ 2015 ਚ ਦੁਨਿਆ ਦੇ 113 ਵੱਖ ਵੱਖ ਦੇਸ਼ਾਂ ਦੇ 391 ਕੋਮਾਂ ਵਿਚੋਂ 567330 ਤੋਂ ਵੱਧ ਨੇਕ ਰੂਹਾਂ ਨੇ ਅਹਿਮਦੀਅਤ ਅਰਥਾਤ ਹਕੀਕੀ ਇਸਲਾਮ ਵਿੱਚ ਸ਼ਾਮਿਲ ਹੋਇਆਂ ਹਨ। ਦੋਰਾਨੇ ਸਾਲ ਜਮਾਤ ਨੂੰ 401 ਨਵੀਂ ਮਸਜਿਦਾਂ ਜਿਥੇ ਇਕ ਖ਼ੁਦਾ ਦੀ ਇਬਾਦਤ ਹੁੰਦੀ ਹੈ ਨੂੰ ਤਿਆਰ ਕਰਨ ਦੀ ਤਾਕਤ ਮਿਲੀ ਹੈ। ਜਿਸ ਵਿਚੋਂ 156 ਨਵੀਂਆਂ ਤਿਆਰ ਹੋਇਆਂ ਹਨ। ਜਦਕਿ 245 ਮਸਜਿਦਾ ਬਣੀ ਬਣਾਈ ਮਿਲਿਆਂ ਹਨ। ਇਸ ਸਾਲ ਦੁਨਿਆਂ ਭਰ ਵਿੱਚ ਅਹਿਮਦੀਆ ਮੁਸਲਿਮ ਜਮਾਤ ਵਲੋਂ 1 ਕਰੋੜ 36 ਲੱਖ ਤੋਂ ਵੱਧ ਲੀਫ਼ਲੈਟਸ ਵੰਡੇ ਗਏ ਹਨ। ਭਾਰਤ ਸਮੇਤ ਦੁਨਿਆ ਦੇ 11 ਦੇਸ਼ਾ ਚ ਪ੍ਰਿੰਟਿੰਗ ਪ੍ਰੈਸ ਕਾਇਮ ਹਨ। ਜਮਾਤੇ ਅਹਿਮਦੀਆ ਵਲੋਂ ਪਵਿੱਤਰ ਕੁਰਆਨੇ ਪਾਕ ਨੂੰ 74 ਭਾਸ਼ਾਂਵਾ ਵਿੱਚ ਪ੍ਰਕਾਸ਼ਿਤ ਕੀਤਾ ਜਾ ਚੁਕਾ ਹੈ।

ਇਸ ਸਾਲ ਸਨਹਾਲੀ ਅਤੇ ਬਰਮੀ ਭਾਸ਼ਾ ਚ ਪਵਿੱਤਰ ਕੁਰਆਨ ਪ੍ਰਕਾਸ਼ਿਤ ਕੀਤਾ ਗਿਆ ਹੈ। ਇਸ ਸਾਲ 105 ਦੇਸ਼ਾਂ ਚ ਅਹਿਮਦੀਆ ਮੁਸਲਿਮ ਜਮਾਤ ਤੋਂ ਪ੍ਰਾਪਤ ਰਿਪੋਰਟਾਂ ਮੁਤਾਬਿਕ 761 ਵੱਖ ਵੱਖ ਪੁਸਤਕਾਂ, ਪਮਫ਼ਲਟਸ, ਫ਼ੋਲਡਰਜ਼ ਆਦਿ 58 ਭਾਸ਼ਾਂਵਾਂ ਵਿੱਚ 1 ਕਰੋੜ 23 ਲੱਖ 74ਹਜ਼ਾਰ 800 ਦੀ ਤਾਦਾਦ ਚ ਪ੍ਰਕਾਸ਼ਿਤ ਕੀਤੇ ਗਏ ਹਨ। ਇਸ ਸਮੇਂ ਦੁਨਿਆ ਦੀ 28 ਭਾਸ਼ਾਂਵਾ ਵਿੱਚ 140 ਅਖ਼ਬਾਰ ਅਤੇ ਮੈਗਜ਼ੀਨ ਪ੍ਰਕਾਸ਼ਿਤ ਹੋ ਰਹੇ ਹਨ। 2460 ਪ੍ਰਦਰਸ਼ਨੀਆਂ ਅਤੇ 13 ਹਜ਼ਾਰ 735 ਬੁਕ ਸਟਾਲਾਂ ਦੇ ਜ਼ਰਿਆ ਅਹਿਮਦੀਅਤ ਦਾ ਪੈਗ਼ਾਮ ਲੱਖਾਂ ਲੋਕਾਂ ਤਕ ਪਹੁੰਚਿਆ ਹੈ। 521 ਅਖ਼ਬਾਰਾਂ ਨੇ 761 ਜਮਾਤੇ ਅਹਿਮਦੀਆ ਉਤੇ ਲੇਖ ਲਿਖੇ ਹਨ। ਅਹਿਮਦੀਆ ਮੁਸਲਿਮ ਜਮਾਤ ਦੇ ਅਦਾਰੇ ਹਿਉਮੈਨਿਟੀ ਫ਼ਰਸਟ ਦੇ ਤਹਿਤ ਦੁਨਿਆ ਦੇ ਵੱਖ ਵੱਖ ਦੇਸ਼ਾਂ ਚ ਇਨਸਾਨਿਅਤ ਦੀ ਸੇਵਾ ਕਰਨ ਦਾ ਮੋਕਾ ਜਮਾਤ ਨੂੰ ਮਿਲ ਰਿਹਾ ਹੈ।

ਜਾਪਾਨ ਚ ਆਈ ਸੁਨਾਮੀ ਚ ਇਸ ਅਦਾਰੇ ਨੇ ਮਹਤਵਪੂਰਨ ਕੰਮ ਕੀਤਾ ਹੈ। ਭਾਰਤ ਤੋਂ ਇਲਾਵਾ ਅਫ਼ਰੀਕਨ ਅਤੇ ਕਈ ਹੋਰ ਦੇਸ਼ਾ ਚ ਮੁਸਲਿਮ ਜਮਾਤੇ ਅਹਿਮਦੀਆ ਦੇ ਸਕੂਲ ਅਤੇ ਕਾਲਜਾਂ ਨੂੰ ਇਨਸਾਨਿਅਤ ਦੀ ਸੇਵਾ ਕਰਨ ਦਾ ਮੋਕਾ ਮਿਲ ਰਿਹਾ ਹੈ। ਜਮਾਤੇ ਅਹਿਮਦੀਆ ਦੇ ਰੇਡਿਉ ਸਟੇਸ਼ਨ ਦਿਨ ਰਾਤ ਇਸਲਾਮ ਦੇ ਪ੍ਰਚਾਰ ਚ ਵਿਅਸਤ ਹਨ। ਜਿਸਦੇ ਕਾਰਨ ਕਰੋੜਾਂ ਲੋਕਾਂ ਤਕ ਇਸਲਾਮ ਦਾ ਪੈਗ਼ਾਮ ਪਹੁੰਚਾਉਣ ਦਾ ਮੋਕਾ ਮਿਲਿਆ ਹੈ।

ਜਮਾਤੇ ਅਹਿਮਦੀਆ ਇਕ ਅਮਨ ਪਸੰਦ ਅਤੇ ਸਰਕਾਰ ਦੀ ਹੁਕਮਾਂ ਦੀ ਪਾਬੰਦੀ ਕਰਨ ਵਾਲੀ ਜਮਾਤ ਹੈ। ਜੋ ਆਪ ਸਭਨਾਂ ਨੂੰ ਦਿਲ ਦੀ ਗਹਿਰਾਇਆਂ ਤੋਂ ਆਪਣੇ ਜਲਸਾ ਸਾਲਾਨਾ ਚ ਜੋਕਿ 26 ਦਸੰਬਰ ਤੋਂ 28 ਦਸੰਬਰ ਤੱਕ ਜੋ ਕਿ ਕਾਦੀਆਨ ਜ਼ਿਲਾ ਗੁਰਦਾਸਪੁਰ ਚ ਆਯੋਜਿਤ ਕੀਤਾ ਜਾ ਰਿਹਾ ਹੈ ਚ ਸ਼ਾਮਿਲ ਹੋਣ ਦਾ ਸਦਾ ਦਿੰਦੀ ਹੈ।

# ਸਾਹਿਤਕਾਰ ਪ੍ਰਮਿੰਦਰ ਸਿੰਘ ਪ੍ਰਵਾਨਾ ਦਾ ਸਨਮਾਨ ਅਤੇ ਕਾਵਿ ਪੁਸਤਕ 'ਬੇੜੀ ਮਲਾਹ ਮੀਲ ਪੱਥਰ' ਹੋਈ ਲੋਕ ਅਰਪਣ

**ਮੁਹਾਲੀ (ਮਨਮੋਹਨ ਸਿੰਘ ਦਾਊਂ)–** ਪੁਆਧੀ ਪੰਜਾਬੀ ਸੱਥ ਮੁਹਾਲੀ ਫੇਜ਼ 6 ਦੇ ਦਫਤਰ ਵਿਖੇ ਇਕ ਸ਼ਾਨਦਾਰ ਸਮਾਗਮ ਡਾ. ਗੁਰਦਰਪਾਲ ਸਿੰਘ ਦੀ ਪ੍ਰਧਾਨਗੀ ਹੇਠ ਹੋਇਆ, ਜਿਸ ਵਿਚ ਸੱਥ ਦੇ ਮੁਖੀ ਮਨਮੋਹਨ ਸਿੰਘ ਦਾਊਂ ਨੇ ਸਾਹਿਤਕਾਰ ਪ੍ਰਮਿੰਦਰ ਸਿੰਘ ਪ੍ਰਵਾਨਾ (ਅਮਰੀਕਾ) ਦੀ ਸੱਜਰੀ ਕਾਵਿ-ਪੁਸਤਕ' ਬੇੜੀ ਮਲਾਹ ਮੀਲ ਪੱਥਰ' ਭਰਵੀਂ ਹਾਜ਼ਰੀ ਵਿਚ ਲੋਕ ਅਰਪਣ ਕੀਤੀ ਤੇ ਸਾਹਿਤਕਾਰ ਨੂੰ ਸਾਰਿਆਂ ਵੱਲੋਂ ਵਧਾਈ ਦਿੱਤੀ। ਦਾਊਂ ਨੇ ਜਿੱਥੇ ਪੁਸਤਕ ਦੀਆਂ ਕਵਿਤਾਵਾਂ ਦੀ ਪ੍ਰਸੰਸਾ ਕੀਤੀ, ਉਥੇ ਸਾਹਿਤਕਾਰ ਦੀਆਂ ਪਹਿਲੀਆਂ ਦੋ ਪੁਸਤਕਾਂ ਜਿਵੇਂ 'ਗਿੰਨੀ ਸਿਮ੍ਰਤੀ ਗ੍ਰੰਥ' ਅਤੇ 'ਸੜਕ ਰੰਗ ਤਸਵੀਰਾਂ' ਦਾ ਵਿਸ਼ੇਸ਼ ਜ਼ਿਕਰ ਕੀਤਾ ਅਤੇ ਅਣਥੱਕ ਸਾਹਿਤਕਾਰ ਆਖਿਆ। ਪ੍ਰਵਾਨਾ ਵੱਲੋਂ ਆਪਣੀਆਂ ਧਾਰਮਿਕ, ਸਾਹਿਤਕ ਅਤੇ ਸਭਿਆਚਾਰਕ ਸਰਗਰਮੀਆਂ ਨਾਲ ਸਾਂਝ ਪੁਆਈ ਅਤੇ ਕੁਝ ਚੋਣਵੀਆਂ ਕਵਿਤਾਵਾਂ ਸੁਣਾ ਕੇ ਪ੍ਰਭਾਵਿਤ ਕੀਤਾ ਅਤੇ ਇਕ ਮੌਲਿਕ ਕਵੀ ਦਾ ਸਬੂਤ ਦਿੱਤਾ। ਦਲਜੀਤ ਕੌਰ ਦਾਊਂ ਨੇ ਕਵਿਤਾਵਾਂ ਦੀ ਵੱਖਰੀ ਵਿਧ-ਵਿਧਾਨ ਬਾਰੇ ਗੱਲ ਕੀਤੀ ਅਤੇ 'ਪ੍ਰਵਾਨਾ' ਦੀਆਂ ਰਚਿਤ ਪੁਸਤਕਾਂ ਦੇ ਸਿਰਲੇਖ ਤਿੰਨ ਸ਼ਬਦਾਂ ਵਿਚ ਹੋਣ ਤੇ ਅਸਚਰਜਤਾ ਪ੍ਰਗਟਾਈ। ਲੈਕਚਰਾਰ ਹਾਕਮ ਸਿੰਘ ਨੇ 'ਪ੍ਰਵਾਨਾ' ਦੀਆਂ ਕਵਿਤਾਵਾਂ ਅਤੇ ਵਿਚਾਰਾਂ ਸਮੇਤ ਸਾਥ ਦੇ ਇਸ ਨਿਵੇਕਲੇ ਉਦਮ ਦੀ ਸ਼ਲਾਘਾ ਕੀਤੀ। ਪ੍ਰੋ. ਗੁਰਮੀਤ ਸਿੰਘ 'ਖਰੜ' ਨੇ ਪੁਸਤਕ ਦੇ ਨਾਮ ਕਰਨ ਵਾਲੀਆਂ ਕਵਿਤਾਵਾਂ ਨੂੰ ਮਨੁੱਖ ਦੇ ਸੰਘਰਸ਼ ਦੇ ਪ੍ਰਸੰਗ ਵਿਚ ਸਲਾਹਿਆ।

ਨਾਵਲਕਾਰ ਜਸਵੀਰ ਮੰਡ (ਜਾਪਾਨ) ਨੇ ਕਿਹਾ ਕਿ ਪ੍ਰਵਾਨਾ ਦੀਆਂ ਕਵਿਤਾਵਾਂ ਜਾਂ ਅਜਿਹੀਆਂ ਖੁੱਲ੍ਹੇ ਵਿਚਾਰਾਂ ਦੀਆਂ ਕਵਿਤਾਵਾਂ ਸਾਨੂੰ ਆਪਸੀ ਵਾਰਤਕ ਨਿਖਾਰਨ ਵਿਚ ਮਦਦ ਕਰਦੀਆਂ ਹਨ ਤੇ ਚੰਗੀ ਵਾਰਤਕ ਲਿਖਣਲਈ ਕਵਿਤਾਵਾਂ ਦੀ ਭੂਮਿਕਾ ਦੀ ਸ਼ਲਾਘਾ ਕੀਤੀ। ਉਹਨਾਂ ਨੇ ਸਾਹਿਤਕਾਰ ਪ੍ਰਵਾਨਾ ਨਾਲ ਪ੍ਰਵਾਸ ਦੇ ਤਜਰਬੇ ਵੀ ਸਾਂਝੇ ਕੀਤੇ। ਪ੍ਰਵਾਨਾ ਦੀ ਪਤਨੀ ਤ੍ਰਿਪਤ ਕੌਰ ਨੇ ਵੀ 'ਪ੍ਰਵਾਨਾ' ਦੀ ਲੇਖਣੀ ਦੀ ਘਾਲਣਾ ਦਾ ਵਿਸ਼ੇਸ਼ ਜ਼ਿਕਰ ਕੀਤਾ ਕਿ ਕੁਲਵਰਤੀ ਸਮਰਪਿਤ ਸਾਹਿਤਕਾਰ ਹੈ। ਜਸਬੀਰ ਸਿੰਘ ਨੂੰ ਪ੍ਰਵਾਨਾ ਦੀ ਖੁੱਲ੍ਹੀ-ਡੁੱਲ੍ਹੀ ਅਤੇ ਸਪਸ਼ਟ ਸ਼ਖਸੀਅਤ ਬਾਰੇ ਚਾਨਣਾ ਪਾਇਆ। ਰਾਜਪੁਰੇ ਤੋਂ ਵਿਸ਼ੇਸ਼ ਤੌਰ ਤੇ ਪੁੱਜੇ ਪ੍ਰਵਾਨਾ ਦੇ ਨੇੜਲੇ ਸਾਥੀ ਡਾ. ਗੁਰਵਿੰਦਰ ਸਿੰਘ 'ਅਮਨ' ਨੇ ਪ੍ਰਵਾਨਾ ਵੱਲੋਂ ਅਮਰੀਕਾ ਵਿਚ ਸਜਾਏ ਜਾਂਦੇ ਪ੍ਰੋਗਰਾਮ ਭਾਵੇਂ ਧਾਰਮਿਕ ਹੋਣ ਜਾਂ ਫਿਰ ਸਾਹਿਤਕ, ਸਭਿਆਚਾਰਕ, ਪ੍ਰਵਾਨਾ ਦੀ ਵਿਉਂਤਬੰਦੀ ਕਮਾਲ ਦੀ ਹੁੰਦੀ ਹੈ। ਇਸ ਮੌਕੇ ਤੇ ਜਸਵਿੰਦਰ ਕੌਰ, ਬਲਵਿੰਦਰ ਕੌਰ, ਡਾ. ਹਰਮਾਲਾ ਕੌਰ, ਡਾ. ਦਿਵਜੋਤ ਸਿੰਘ ਹਸਨਵੀਰ ਤੇ ਸੱਥ ਦੇ ਮੈਂਬਰਾਂ ਨੇ ਹਾਜ਼ਰੀ ਭਰੀ।



# ਚਾਹ ਵੇਚਣ ਵਾਲੇ ਦੀ ਲੜਕੀ ਬਣੀ ਜੱਜ



**ਨਕੋਦਰ–** ਕੋਰਟ ਦੇ ਬਾਹਰ ਚਾਹ ਦੀ ਛੋਟੀ ਜਿਹੀ ਦੁਕਾਨ ਨਾਲ ਘਰ ਚਲਾਉਣ ਵਾਲੇ ਸੁਰਿੰਦਰ ਕੁਮਾਰ ਦੀ 23 ਸਾਲ ਦੀ ਲੜਕੀ ਨੇ ਜੱਜ ਬਣ ਕੇ ਪੂਰੇ ਸ਼ਹਿਰ ਦਾ ਨਾਂ ਰੌਸ਼ਨ ਕੀਤਾ ਹੈ। ਨਕੋਦਰ ਦੇ ਮੁਹੱਲਾ ਸੰਤੋਖਗੜ੍ਹ ਦੀ ਰਹਿਣ ਵਾਲੀ ਸ਼ਰੁਤੀ ਨੇ ਐਸ. ਸੀ. ਕੈਟੇਗਰੀ ਵਿਚ ਪੰਜਾਬ ਵਿਚ ਪਹਿਲਾ ਸਥਾਨ ਹਾਸਲ ਕੀਤਾ ਹੈ। ਸੁਰਿੰਦਰ ਨੇ ਕਿਹਾ, ਬੇਟੀ ਕੁਝ ਵੱਡਾ ਤਾਂ ਕਰਨਾ ਚਾਹੁੰਦੀ ਸੀ ਪਰ ਜੱਜ ਬਣੇਗੀ, ਅਜਿਹਾ ਸੋਚਿਆ ਨਹੀਂ ਸੀ। ਸ਼ਰੁਤੀ ਨੇ ਕਿਹਾ, ਮੇਰੀ ਕਾਮਯਾਬੀ ਦੇ ਲਈ ਮਾਂ-ਬਾਪ ਨੇ ਸਖਤ ਮਿਹਨਤ ਕੀਤੀ ਹੈ। ਹੁਣ ਮੇਰੀ ਵਾਰੀ ਹੈ। ਤਾਇਆ ਤੀਰਥ ਰਾਮ ਨੇ ਵੀ ਪੜ੍ਹਨ ਦੇ ਲਈ ਪ੍ਰੇਰਿਤ ਕੀਤਾ। ਜਦੋਂ ਮਨ ਵਿਚ ਕੁਝ ਕਰਨ ਦਾ ਜਜ਼ਬਾ ਹੋਵੇ ਤਾਂ ਕੁਝ ਵੀ ਮੁਸ਼ਕਿਲ ਨਹੀਂ ਰਹਿੰਦਾ। ਸ਼ਰੁਤੀ ਨੇ ਸਟੇਟ ਪਬਲਿਕ ਸਕੂਲ ਤੋਂ ਮੈਟ੍ਰਿਕ ਦੇ ਬਾਅਦ ਜਲੰਧਰ ਦੇ ਜੀ. ਐਨ. ਡੀ. ਯੂ. ਰੀਜਨਲ ਕੈਂਪਸ ਤੋਂ ਲਾਅ ਦੀ ਪੜ੍ਹਾਈ ਕੀਤੀ ਸੀ। ਐਲ. ਐਲ. ਐਮ. ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਕੀਤੀ।

# ਕੇਂਦਰੀ ਵਿਭਾਗਾਂ ਵਿਚ ਸਿਰਫ 12 ਫੀਸਦੀ ਓ.ਬੀ.ਸੀ. ਕਰਮਚਾਰੀ

**ਨਵੀਂ ਦਿੱਲੀ–** ਦੋ ਦਹਾਕੇ ਪਹਿਲਾਂ ਮੰਡਲ ਕਮਿਸ਼ਨ ਦੀਆਂ ਸਿਫਾਰਸ਼ਾਂ ਨੂੰ ਲਾਗੂ ਕੀਤਾ ਗਿਆ ਸੀ। ਇਸ ਦੇ ਤਹਿਤ ਕੇਂਦਰ ਸਰਕਾਰ ਦੀਆਂ ਨੌਕਰੀਆਂ ਵਿਚ ਹੋਰ ਪੱਛੜੇ ਵਰਗਾਂ ਵਿਚ ਸ਼ਾਮਲ ਜਾਤੀਆਂ ਨੂੰ 27 ਫੀਸਦੀ ਦੀ ਰਿਜ਼ਰਵੇਸ਼ਨ ਦੇਣਾ ਲਾਜ਼ਮੀ ਕੀਤਾ ਗਿਆ ਹੈ। ਪਰ ਇਕ ਆਰ. ਟੀ. ਆਈ. ਦੇ ਤਹਿਤ ਮਿਲੀ ਜਾਣਕਾਰੀ ਮੁਤਾਬਕ ਕਰੀਬ 25 ਸਾਲ ਬਾਅਦ ਵੀ ਸਥਿਤੀ ਬਹੁਤੀ ਬਦਲੀ ਨਹੀਂ ਹੈ। ਕੇਂਦਰੀ ਨੌਕਰੀਆਂ ਵਿਚ 12 ਫੀਸਦੀ ਤੋਂ ਵੀ ਘੱਟ ਲੋਕ ਓ. ਬੀ. ਸੀ. ਵਰਗ ਦੇ ਹਨ। ਕੇਂਦਰ ਸਰਕਾਰ ਦੇ ਮੰਤਰਾਲਿਆਂ, ਵਿਭਾਗਾਂ, ਕਾਰਪੋਰੇਟ ਸੰਸਥਾਵਾਂ ਵਿਚ ਓ. ਬੀ. ਸੀ. ਵਰਗ ਦੀ ਇਹ ਸਥਿਤੀ 1 ਜਨਵਰੀ, 2015 ਤੱਕ ਸੀ।

ਕੇਂਦਰ ਸਰਕਾਰ ਵੱਲੋਂ ਇਹ ਜਾਣਕਾਰੀ ਚੇਨਈ ਦੇ ਵਿਗਿਆਨਕ ਈ. ਮੁਰਲੀਧਰਨ ਵੱਲੋਂ ਦਾਇਰ ਕੀਤੀ ਗਈ ਆਰ. ਟੀ. ਆਈ. ਦੇ ਜਵਾਬ ਵਿਚ ਦਿੱਤੀ ਗਈ ਹੈ। ਜਾਣਕਾਰੀ ਮੁਤਾਬਕ ਕੇਂਦਰੀ ਸਰਕਾਰ ਦੇ 40 ਮੰਤਰਾਲਿਆਂ ਅਤੇ ਸਮਾਜਿਕ ਸੰਸਥਾਵਾਂ ਸਮੇਤ 48 ਵਿਭਾਗਾਂ ਵਿਚ ਕੇਵਲ 12 ਫੀਸਦੀ ਓ. ਬੀ. ਸੀ. ਕਰਮਚਾਰੀ ਹਨ। ਹਾਲਾਂਕਿ ਕਿਸ ਵਿਭਾਗ ਅਤੇ ਮੰਤਰਾਲੇ ਵਿਚ ਓ. ਬੀ. ਸੀ. ਜਾਤੀਆਂ ਦੇ ਕਿੰਨੇ ਕਰਮਚਾਰੀ ਹਨ, ਇਸ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਗਈ ਹੈ।

ਆਰ. ਟੀ. ਆਈ. ਦੇ ਜਵਾਬ ਵਿਚ ਜਿਹਨਾਂ ਮੰਤਰਾਲਿਆਂ ਨੇ ਜਾਣਕਾਰੀ ਨਹੀਂ ਦਿੱਤੀ ਹੈ, ਉਹਨਾਂ ਵਿਚ ਸਭ ਤੋਂ ਜ਼ਿਆਦਾ ਏ. ਕਲਾਸ ਸ਼੍ਰੇਣੀ ਕਰਮਚਾਰੀਆਂ ਨੂੰ ਨਿਯੁਕਤੀ ਦੇਣ ਵਾਲਾ ਮਨੁੱਖੀ ਸਰੋਤ ਵਿਕਾਸ ਮੰਤਰਾਲਾ ਵੀ ਸ਼ਾਮਲ ਹੈ। ਉਪਲਬੱਧ ਡੇਟਾ ਮੁਤਾਬਕ ਏ. ਬੀ. ਸੀ. ਅਤੇ ਡੀ. ਕੈਟੋਗਰੀ ਵਿਚ ਨਿਯੁਕਤ 79,483 ਅਹੁਦਿਆਂ ਵਿਚੋਂ 9040 ਓ. ਬੀ. ਸੀ. ਓ. ਬੀ. ਸੀ. ਸਟਾਫ ਹੈ। ਆਰ. ਟੀ. ਆਈ. ਦੇ ਜਵਾਬ ਵਿਚ ਜਾਣਕਾਰੀ ਦੇਣ ਵਾਲੇ ਕੇਂਦਰੀ ਕਰਮਚਾਰੀਆਂ ਅਤੇ ਟਰਨਿੰਗ ਵਿਭਾਗ ਦੀ ਸਥਿਤੀ ਹੀ ਇਸ ਮਾਮਲੇ ਵਿਚ ਸਭ ਤੋਂ ਖਰਾਬ ਹੈ। ਇਸੇ ਵਿਭਾਗ ਵਿਚ ਅਨੁਸੂਚਿਤ ਜਾਤੀ ਦੇ 12.91 ਫੀਸਦੀ, ਅਨੁਸੂਚਿਤ ਜਨਜਾਤੀ ਦੇ 4 ਫੀਸਦੀ ਅਤੇ ਓ. ਬੀ. ਸੀ. ਜਾਤੀਆਂ ਦੇ 6.67 ਫੀਸਦੀ ਕਰਮਚਾਰੀ ਕੰਮ ਕਰਦੇ ਹਨ। ਵਿਭਾਗ ਵਿਚ ਕੁੱਲ 6879 ਕਰਮਚਾਰੀ ਹਨ।

ਮੁਰਲੀਧਰਨ ਨੇ ਕਿਹਾ ਕਿ ਸਰਕਾਰ ਤੋਂ ਮਿਲੀ ਜਾਣਕਾਰੀ ਤੋਂ ਪਤਾ ਲੱਗਦਾ ਹੈ ਕਿ ਓ. ਬੀ. ਸੀ. ਕੋਟੇ ਦੇ ਲਈ ਰਾਖਵੀਆਂ ਸਾਰੀਆਂ ਸਾਰੀਆਂ ਸੀਟਾਂ ਖਾਲੀ ਰਹਿ ਜਾਂਦੀਆਂ ਹਨ। ਇਸ ਤੋਂ ਸਵਾਲ ਉਠਦਾ ਹੈ ਕਿ ਨੌਕਰੀਆਂ ਵਿਚ ਰਿਜ਼ਰਵੇਸ਼ਨ ਦੀ ਮੰਡਲ ਕਮਿਸ਼ਨ ਦੀਆਂ ਸਿਫਾਰਸ਼ਾਂ ਨੂੰ ਸਹੀ ਤਰੀਕੇ ਨਾਲ ਲਾਗੂ ਕੀਤਾ ਜਾਂਦਾ ਵੀ ਹੈ ਜਾਂ ਨਹੀਂ। ਡਾਟਾ ਮੁਤਾਬਕ ਰਾਸ਼ਟਰਪਤੀ ਸਕੱਤਰੇਤ ਵਿਚ ਇਕ ਵੀ ਏ. ਕਲਾਸ ਅਫਸਰ ਓ. ਬੀ. ਸੀ. ਕੋਟੇ ਦਾ ਨਹੀਂ ਹੈ। ਇਸ ਤੋਂ ਇਲਾਵਾ ਯੂ. ਪੀ. ਐਸ. ਸੀ. ਵਿਚ ਵੀ ਸਿਰਫ 9 ਫੀਸਦੀ ਸਟਾਫ ਓ. ਬੀ. ਸੀ. ਹੈ। ਇਸ ਤੋਂ ਇਲਾਵਾ ਉਚ ਸਿੱਖਿਆ ਵਿਭਾਗ ਵਿਚ ਵੀ ਕੇਵਲ 5 ਫੀਸਦੀ ਓ. ਬੀ. ਸੀ. ਕਰਮਚਾਰੀ ਹਨ, ਜੋ ਏ ਕਲਾਸ ਕਰਮਚਾਰੀ ਹਨ।

# ਜਥੇਦਾਰਾਂ ਨੂੰ ਫਾਰਗ਼ ਕਰਨ ਦੇ 'ਆਦੇਸ਼ਾਂ' ਬਾਰੇ ਸ਼੍ਰੋਮਣੀ ਕਮੇਟੀ ਖ਼ਾਮੋਸ਼

**ਅੰਮ੍ਰਿਤਸਰ–** ਪੰਜ ਪਿਆਰਿਆਂ ਵੱਲੋਂ ਜਾਰੀ ਕੀਤੇ ਨਵੇਂ ਆਦੇਸ਼ਾਂ ਦੇ ਮਾਮਲੇ ਵਿੱਚ ਸ਼੍ਰੋਮਣੀ ਕਮੇਟੀ ਨੇ ਅਜੇ ਚੁੱਪ ਧਾਰੀ ਹੋਈ ਹੈ। ਉਂਜ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਇਸ ਸਬੰਧੀ ਭਲਕੇ ਅੰਮ੍ਰਿਤਸਰ ਦਫ਼ਤਰ ਦਾ ਦੌਰਾ ਕਰਨਗੇ ਅਤੇ ਇਸ ਸਬੰਧੀ ਕਾਰਵਾਈ ਦੀ ਸੰਭਾਵਨਾ ਹੈ। ਦੂਜੇ ਪਾਸੇ ਪੰਜ ਪਿਆਰੇ ਆਪਣੇ ਜਾਰੀ ਕੀਤੇ ਨਵੇਂ ਆਦੇਸ਼ਾਂ 'ਤੇ ਅੜੇ ਹੋਏ ਹਨ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਜਥੇਦਾਰਾਂ ਖ਼ਿਲਾਫ਼ ਕੋਈ ਕਾਰਵਾਈ ਨਾ ਹੋਣ ਦੀ ਸੂਰਤ ਵਿੱਚ 2 ਜਨਵਰੀ ਨੂੰ ਸਖ਼ਤ ਫੈਸਲਾ ਲੈ ਸਕਦੇ ਹਨ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਪੰਜ ਪਿਆਰਿਆਂ ਵੱਲੋਂ ਜਾਰੀ ਨਵੇਂ ਆਦੇਸ਼ਾਂ 'ਤੇ ਫਿਲਹਾਲ ਕੋਈ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਕੀ ਇਸ ਮਾਮਲੇ ਵਿੱਚ ਸ਼੍ਰੋਮਣੀ ਕਮੇਟੀ ਉਨ੍ਹਾਂ ਖ਼ਿਲਾਫ਼ ਕੋਈ ਕਾਰਵਾਈ ਕਰ ਸਕਦੀ ਹੈ, ਬਾਰੇ ਉਨ੍ਹਾਂ ਆਖਿਆ ਕਿ ਉਹ ਭਲਕੇ ਅੰਮ੍ਰਿਤਸਰ ਦਫ਼ਤਰ ਦਾ ਦੌਰਾ ਕਰਨਗੇ ਜਿਥੇ ਇਸ ਸਬੰਧ ਵਿੱਚ ਮੀਟਿੰਗ ਵੀ ਕੀਤੀ ਜਾਵੇਗੀ ਪਰ ਉਨ੍ਹਾਂ ਨੇ ਸਪੱਸ਼ਟ ਸ਼ਬਦਾਂ ਵਿੱਚ ਕੋਈ ਕਾਰਵਾਈ ਕਰਨ ਬਾਰੇ ਜਵਾਬ ਨਹੀਂ ਦਿੱਤਾ ਹੈ। ਇਸ ਸਬੰਧੀ ਪੰਜ ਪਿਆਰਿਆਂ ਵਿੱਚ ਸ਼ਾਮਲ ਭਾਈ ਸਤਨਾਮ ਸਿੰਘ ਖੰਡਾ ਨੇ ਆਖਿਆ ਕਿ ਜੇਕਰ ਸ਼੍ਰੋਮਣੀ ਕਮੇਟੀ ਵੱਲੋਂ ਇੱਕ ਜਨਵਰੀ ਤੱਕ ਤਖ਼ਤਾਂ ਦੇ ਜਥੇਦਾਰਾਂ ਨੂੰ ਸੇਵਾਮੁਕਤ ਕਰਨ ਬਾਰੇ ਕੋਈ ਫ਼ੈਸਲਾ ਨਾ ਕੀਤਾ ਗਿਆ ਤਾਂ ਪੰਜ ਪਿਆਰੇ ਮੁੜ ਮੀਟਿੰਗ ਕਰਕੇ ਇਸ ਸਬੰਧੀ ਅਗਲਾ ਫ਼ੈਸਲਾ ਕਰਨਗੇ। ਅਗਲਾ ਫ਼ੈਸਲਾ ਇਸ ਤੋਂ ਸਖ਼ਤ ਵੀ ਹੋ ਸਕਦਾ ਹੈ। ਇਸ ਮਾਮਲੇ ਵਿੱਚ ਪੰਜ ਪਿਆਰਿਆਂ ਨੇ 28 ਦਸੰਬਰ ਨੂੰ ਵੀ ਮੀਟਿੰਗ ਕੀਤੀ ਸੀ।

# ਨਿਊਜ਼ੀਲੈਂਡ ’ਚ ਦੋ ਬਣੇ-ਬਣਾਏ ਘਰ ਬੇੜੀ ਉਤੇ ਲੱਦ ਕੇ ਬੋਟ ਨਾਲ ਰੱਸਾ ਬੰਨ੍ਹ ਦੂਜੇ ਟਾਪੂ ਲੈ ਗਏ

**ਆਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਜਦੋਂ ਲੋਕੀ ਸਮੁੰਦਰ ਦੇ ਵਿਚ ਦੋ ਘਰ ਤਰਦੇ ਅਤੇ ਅੱਗੇ ਵਧ ਰਹੇ ਵੇਖ ਰਹੇ ਹੋਣ ਤਾਂ ਫਿਰ ਇਹ ਗੱਲ ਕਮਾਲ ਦੀ ਹੀ ਕਹੀ ਜਾ ਸਕਦੀ ਹੈ। ਅਜਿਹਾ ਹੋਇਆ ਹੈ ਨਿਊਜ਼ੀਲੈਂਡ ਦੇ ਵਿਚ। ਆਕਲੈਂਡ ਖੇਤਰ ਦੇ ਬੱਕਲੈਂਡ ਬੀਚ ਤੋਂ ਦੋ ਬਣੇ-ਬਣਾਏ ਘਰ ਇਕ ਬੇੜੇ ਦੇ ਉਤੇ ਸਵਾਰ ਕੀਤੇ ਗਏ ਅਤੇ ਇਸ ਨੂੰ ਇਕ ਬੋਟ ਦੇ ਨਾਲ ਟੋਅ ਕਰਕੇ (ਰੱਸੇ ਨਾਲ ਬੰਨ੍ਹ ਕੇ) 318 ਕਿਲੋਮੀਟਰ ’ਤੇ ਵਸੇ ਇਕ ਟਾਪੂ ਪਾਇਵੈਨੁਆ ਵਿਖੇ ਪਹੁੰਚਾਇਆ ਗਿਆ।

ਇਸ ਸਮੁੰਦਰੀ ਸਫਰ ਨੂੰ ਲਗਪਗ 48 ਘੰਟਿਆਂ



ਦਾ ਸਮਾਂ ਲੱਗਿਆ। ਲੋਕਾਂ ਨੇ ਜਦੋਂ ਸਮੁੰਦਰ ਦੇ ਕੰਢੇ ਤੋਂ ਪਾਣੀ ਦੇ ਵਿਚ ਤੈਰਦੇ ਅਤੇ ਅੱਗੇ-ਅੱਗੇ ਤੁਰੇ ਜਾਂਦੇ ਘਰ ਵੇਖੇ ਤਾਂ ਉਹ ਹੈਰਾਨ ਰਹਿ ਗਏ। ਪਹਿਲਾਂ ਸੜਕਾਂ ਦੇ ਰਾਹੀਂ ਤਾਂ ਵੱਡੇ ਟਰੱਕਾਂ ਦੇ ਉਤੇ ਇਥੇ ਅਜਿਹਾ ਅਕਸਰ ਹੁੰਦਾ ਰਹਿੰਦਾ ਹੈ ਪਰ ਸਮੁੰਦਰੀ ਬੇੜੇ ਉਤੇ ਇਸ ਤਰ੍ਹਾਂ ਘਰ ਲਿਜਾਉਣੇ ਸ਼ਾਇਦ ਬਹੁਤੀ ਵਾਰ ਨਹੀਂ ਹੋਇਆ। ਲੋਕਾਂ ਨੇ ਇਸ ਘਰ ਦੀਆਂ ਫੋਟੋਆਂ ਖਿਚ ਕੇ ਜਿੱਥੇ ਖੁਸ਼ੀ ਮਹਿਸੂਸ ਕੀਤੀ ਉਤੇ ਸ਼ੋਸ਼ਲ ਮੀਡੀਏ ਉਤੇ ਵੀ ਪਾਈਆਂ। ਲੋਕਾਂ ਦੇ ਬਹੁਤ ਤਰ੍ਹਾਂ ਦੇ ਕੁਮੈਂਟ ਵੀ ਚਰਚਾ ਜਾ ਵਿਸ਼ਾ ਬਣੇ ਰਹੇ।

# ਗੁਰਦੁਆਰਾ ਸ੍ਰੀ ਗੁਰੂ ਕਲਗੀਧਰ ਸਾਹਿਬ ਤੋਰੇ ਦੀ ਪਿਚਨਾਰਦੀ ਵਿਖੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਵਿਸ਼ੇਸ਼ ਸਮਾਗਮ ਦਾ ਆਯੋਜਨ

**ਰੋਮ (ਇਟਲੀ (ਟੇਕ ਚੰਦ ਜਗਤਪੁਰ)–** ਸਰਬੰਸਦਾਨੀ, ਬਾਦਸ਼ਾਹ ਦਰਵੇਸ਼, ਸ਼ਹਿਨਸ਼ਾਹ, ਕਲਗੀਧਰ ਦਸ਼ਮੇਸ਼ ਪਿਤਾ, ਸਹਿਬ ਏ ਕਮਾਲ ਧੰਨ -ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਲਾਡਲੇ ਛੋਟੇ ਸਹਿਬਜਾਦੇ ਬਾਬਾ ਜੋਰਾਵਾਰ ਸਿੰਘ ਜੀ, ਸਾਹਿਬਜ਼ਾਦਾ ਬਾਬਾ ਫਤਿਹ ਸਿੰਘ ਜੀ ਅਤੇ ਮਾਤਾ ਗੁਜਰ ਕੌਰ ਜੀ ਜਿਨ੍ਹਾਂ ਨੇ ਸਿੱਖੀ ਸਿਦਕ ਨਿਭਾਉਦਿਆਂ ਆਪਣੀ ਜਾਨਾ ਧਰਮ ਦੀ ਖਾਤਿਰ ਨਿਸ਼ਾਵਰ ਕਰ ਦਿੱਤੀਆ ਉਨ੍ਹਾਂ ਮਹਾਨ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਸ਼ਹੀਦੀ ਸਮਾਗਮ ਗੁਰਦੁਆਰਾ ਸ੍ਰੀ ਗੁਰੂ ਕਲਗੀਧਰ ਸਾਹਿਬ ਤੋਰੇ ਦੀ ਪਿਚਨਾਰਦੀ ਕਰੇਮੋਨਾ (ਇਟਲੀ) ਵਿਖੇ ਬੜੀ ਸ਼ਰਧਾ ਅਤੇ ਉਤਸ਼ਾਹ ਮਨਾਇਆ ਗਿਆ। ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਸਮਾਗਮ ਨੂੰ ਸੰਬੋਧਨ ਕਰਦਿਆ ਪ੍ਰੈਸ ਸਕੱਤਰ ਸ ਇੰਦਰਜੀਤ ਸਿੰਘ ਫਗਵਾੜਾ ਨੇ ਕਿਹਾ ਕਿ ਸ਼ਹੀਦੀਆਂ ਪ੍ਰਾਪਤ ਕਰਨ ਵਾਲਿਆਂ ਚ ਸਿੱਖ ਕੌਮ ਦਾ ਨਾਂਅ ਇਤਿਹਾਸ ਦੇ ਸੁਨਿਹਰੀ ਪੰਨਿਆਂ ਤੇ ਅੰਕਿਤ ਹੈ, ਗੁਰੂ ਗੋਬਿੰਦ ਸਿੰਘ ਜੀ ਦੇ ਸਹਿਬਜਾਦਿਆਂ ਨੇ ਧਰਮ ਦੀ ਖਾਤਰ ਆਪਣਾ ਆਪ ਕੁਰਬਾਨ ਕਰ ਦਿੱਤਾ।

ਅੱਜ ਦੀ ਸਿੱਖ ਨੌਜਵਾਨ ਪੀੜੀ ਨੂੰ ਸਹਿਬਜਾਦਿਆਂ ਦੀ ਧਰਮ ਪ੍ਰਤੀ ਦਿੱਤੀ ਅਦੁੱਤੀ, ਲਸਾਨੀ ਸ਼ਹਾਦਤ ਤੋ ਸਬਕ ਲੈਣ ਦੀ ਲੋੜ ਹੈ, ਉਨ੍ਹਾਂ ਅੱਗੇ ਕਿਹਾ ਕਿ ਜਿਥੇ ਦੇਸ਼-ਵਿਦੇਸ਼ ਚ ਕ੍ਰਿਸਮਿਸ ਮਨਾਈ ਜਾਂਦੀ ਹੈ, ਉਥੇ ਸਿੱਖ ਕੌਮ ਨੂੰ 26 ਦਸੰਬਰ ਨੂੰ 'ਨਿੱਕੀਆਂ ਜਿੰਦਾ ਵੱਡੇ ਸਾਕੇ' ਨੂੰ ਵੀ ਯਾਦ ਰੱਖਣਾ ਚਾਹੀਦਾ ਹੈ।

ਇਸ ਸਮਾਗਮ ਵਿਚ ਭਾਈ ਰਣਜੀਤ ਸਿੰਘ ਅਤੇ ਭਾਈ ਜਸਪਾਲ ਸਿੰਘ ਔਰਜੀਨੌਵੀ ਦੇ ਕੀਰਤਨੀ ਜਥੇ ਨੇ ਸਹਿਬਜਾਦਿਆਂ ਅਤੇ ਮਾਤਾ ਗੁਜਰ ਕੌਰ ਦਾ ਕੁਰਬਾਨੀਆਂ ਭਰਿਆ ਗੌਰਵਮਈ ਇਤਿਹਾਸ ਸੁਣਾ ਕੇ ਆਈਆਂ ਸੰਗਤਾਂ ਨੂੰ ਭਾਵਕ ਕੀਤਾ।ਸ ਜਤਿੰਦਰ ਸਿੰਘ ਨੇ ਵੀ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਅਜਿਹੇ ਸ਼ਹੀਦੀ ਸਮਾਗਮ ਕਰਵਾਉਣ ਦਾ ਮੁੱਖ ਮਕਸਦ ਵਿਦੇਸ਼ਾਂ ਚ ਅਜੋਕੀ ਪੀੜ੍ਹੀ (ਬੱਚਿਆਂ) ਨੂੰ ਸਿੱਖੀ ਅਤੇ ਦਸ ਗੁਰੂ ਸਾਹਿਬਾਨਾਂ ਦੀ ਜੀਵਨੀ ਅਤੇ ਯੁੱਗੋ-ਯੁੱਗ ਅਟੱਲ ਧੰਨ-ਧੰਨ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਬਾਣੀ ਨਾਲ ਜੋੜਨਾ ਹੈ। ਇਸ ਮੌਕੇ ਤੇ ਆਈਆਂ ਹੋਈਆਂ ਸ਼ਖਸ਼ੀਅਤਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਵੀ ਕੀਤਾ ਗਿਆ।ਇਸ ਮੌਕੇ ਤੇ ਸ ਫਤਿਹ ਸਿੰਘ ,ਸ ਗੁਰਮੇਲ ਸਿੰਘ ਲੱਕੀ, ਸ ਰਣਜੀਤ ਸਿੰਘ ਕੰਗ, ਸ ਮਾਨ ਸਿੰਘ, ਸ ਰਣਜੀਤ ਸਿੰਘ ਢਿੱਲੋ, ਸ ਬਲਜਿੰਦਰ ਸਿੰਘ ਆਦਿ ਹਾਜਰ ਸਨ।

# ਨਿਊਜ਼ੀਲੈਂਡ ਆਮ ਆਦਮੀ ਪਾਰਟੀ ਵਿੰਗ ਨੇ ਸੁਖਪਾਲ ਸਿੰਘ ਖਹਿਰਾ ਦਾ ਪਾਰਟੀ ’ਚ ਸ਼ਾਮਿਲ ਹੋਣ ’ਤੇ ਸਵਾਗਤ ਕੀਤਾ

**ਆਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਨਿਊਜ਼ੀਲੈਂਡ ਆਮ ਆਦਮੀ ਪਾਰਟੀ ਵਿੰਗ ਨੇ ਬੀਤੇ ਕੱਲ੍ਹ ਸ. ਸੁਖਪਾਲ ਸਿੰਘ ਖਹਿਰਾ (ਸਾਬਕਾ ਵਿਧਾਇਕ ਹਲਕਾ ਭੁਲੱਥ) ਦਾ ਆਮ ਆਦਮੀ ਪਾਰਟੀ ਦੇ ਵਿਚ ਸ਼ਾਮਿਲ ਹੋਣ ਉਤੇ ਭਰਵਾਂ ਸਵਾਗਤ ਕੀਤਾ ਹੈ। ਨਿਊਜ਼ੀਲੈਂਡ ਵਿੰਗ ਤੋਂ ਸ. ਖੜਗ ਸਿੰਘ ਹੋਰਾਂ ਸ. ਸੁਖਪਾਲ ਸਿਘ ਖਹਿਰਾ ਨੂੰ ਕੱਲ੍ਹ ਸ਼ਾਮ ਇਸ ਸ਼ਮੂਲੀਅਤ ਲਈ ਫੋਨ ਕਰਕੇ ਵਧਾਈ ਦਿੱਤੀ ਅਤੇ ਉਨ੍ਹਾਂ ਦਾ ਸਵਾਗਤ ਕੀਤਾ। ਸ. ਖਹਿਰਾ ਸਬੰਧੀ ਉਨ੍ਹਾਂ ਬਿਆਨ ਜਾਰੀ ਕਰਦੇ ਕਿਹਾ ਕਿ ਉਹ ਇਕ ਪੜ੍ਹੇ-ਲਿਖੇ ਅਤੇ ਰਾਜਨੀਤਕ ਘਰਾਣੇ ਨਾਲ ਸਵਾਗਤ ਕਰਦੇ ਹਨ। ਪਹਿਲਾਂ ਅਕਾਲੀ ਦਲ ਅਤੇ ਫਿਰ ਕਾਂਗਰਸ ਪਾਰਟੀ ਦੇ ਵਿਚ ਰਹਿੰਦਿਆ ਉਨ੍ਹਾਂ ਹਮੇਸ਼ਾਂ ਅਨਿਆਂ ਅਤੇ ਲੋਕ ਮਸਲਿਆਂ ਸਬੰਧੀ ਪਾਰਟੀ ਨਾਲੋਂ ਵੱਧ ਆਮ ਲੋਕਾਂ ਦਾ ਸਾਥ ਦਿੱਤਾ। ਆਮ ਆਦਮੀ ਪਾਰਟੀ ਅਜਿਹੇ ਹੀ ਲੋਕਾਂ ਦੀ ਭਾਲ ਵਿਚ ਹੈ ਜਿਹੜੇ ਆਮ ਲੋਕਾਂ ਦੀ ਗੱਲ ਕਰਨ ਅਤੇ ਉਨ੍ਹਾਂ ਦਾ ਸੰਵਿਧਾਨਕ ਹੱਕਾਂ ਨੂੰ ਵਿਧਾਨ ਸਭਾ ਤੋਂ ਲੈ ਕੇ ਲੋਕ ਸਭਾ ਤੱਕ ਲੈ ਕੇ ਜਾਣ। ਨਿਊਜ਼ੀਲੈਂਡ ਵਿੰਗ ਤੋਂ ਸ੍ਰੀ ਰਾਜੀਵ ਬਾਜਵਾ, ਸ. ਫਤਹਿ ਸਿੰਘ, ਆਮ ਆਦਮੀ ਪਾਰਟੀ ਦੇ ਸੁਪੋਰਟਰ ਸ. ਕੁਲਦੀਪ ਸਿੰਘ, ਸ. ਸਰਵਣ ਸਿੰਘ ਬਾਜਵਾ, ਅਮਨਿੰਦਰ ਸਿੰਘ ਸੰਧੂ, ਸ. ਜਗਜੀਤ ਸਿੰਘ ਕੰਗ, ਸ. ਰਣਵੀਰ ਸਿੰਘ ਲਾਲੀ, ਸ. ਪਰਵਿੰਦਰ ਸਿੰਘ ਸੰਧੂ, ਸ. ਬਲਜਿੰਦਰ ਸਿੰਘ ਭੱਟੀ, ਸ. ਕੁਲਵੰਤ ਸਿੰਘ ਖੈਰਾਬਾਦੀ, ਸ. ਚਰਨਜੀਤ ਸਿੰਘ ਢਿੱਲੋਂ, ਸ. ਹਰਜੀਤ ਸਿੰਘ ਵੈਜੀ ਕਿੰਗ, ਸ. ਚਰਨਜੀਤ ਸਿੰਘ ਬਿਨਿੰਗ, ਮਨਜੀਤ ਸਿੰਘ, ਪਵਿਤਰ ਸਿੰਘ ਅਤੇ ਹੋਰ ਮੈਂਬਰਾਂ ਨੇ ਵੀ ਪੰਜਾਬ ਦੇ ਚੰਗੇ ਭਵਿੱਖ ਦੀ ਆਸ ਕੀਤੀ ਹੈ।



# ਗੁਰਦੇਵ ਮਲਹੋਤਰਾ ਦੇ ਵਿਛੋੜੇ ’ਤੇ ਦੇਸ਼ ਭਗਤ ਕਮੇਟੀ ਵੱਲੋਂ ਸ਼ੋਕ ਮਤਾ

**ਜਲੰਧਰ–** ਕਾਮਰੇਡ ਅਵਤਾਰ ਮਲਹੋਤਰਾ ਦੀ ਜੀਵਨ ਸਾਥਣ ਗੁਰਦੇਵ ਮਲਹੋਤਰਾ ਦੇ ਸਦੀਵੀ ਵਿਛੋੜੇ ’ਤੇ ਪਰਿਵਾਰ ਨਾਲ ਦੁੱਖ ਸਾਂਝਾ ਕਰਦਿਆਂ ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ ਨੇ ਸ਼ੋਕ ਮਤਾ ਪਾਸ ਕੀਤਾ। ਸਮੁੱਚੀ ਕਮੇਟੀ ਤਰਫ਼ੋਂ ਅਵਤਾਰ ਮਲਹੋਤਰਾ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਿਆਂ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਦਰਬਾਰਾ ਸਿੰਘ ਢਿੱਲੋਂ ਅਤੇ ਜਨਰਲ ਸਕੱਤਰ ਡਾ. ਰਘਬੀਰ ਕੌਰ ਨੇ ਕਿਹਾ ਕਿ ਸਮਾਜ ਅੰਦਰ ਮਲਹੋਤਰਾ ਪਰਿਵਾਰ ਵੱਲੋਂ ਪਾਏ ਹੋਰ ਯੋਗਦਾਨ ਦੇ ਨਾਲ ਇਹ ਵੀ ਯਾਦ ਰੱਖਣ ਯੋਗ ਹੈ ਕਿ ਗੁਰਦੇਵ ਮਲਹੋਤਰਾ ਨੇ ਕਾਮਰੇਡ ਅਵਤਾਰ ਮਲਹੋਤਰਾ ਦੇ ਵਿਛੋੜੇ ਉਪਰੰਤ ਉਹਨਾਂ ਦੀ ਲਾਇਬਰੇਰੀ, ਦੇਸ਼ ਭਗਤ ਯਾਦਗਾਰ ਹਾਲ ਦੀ ਲਾਇਬਰੇਰੀ ਨੂੰ ਭੇਂਟ ਕਰ ਦਿੱਤੀ ਸੀ। ਦੇਸ਼ ਭਗਤ ਯਾਦਗਾਰ ਕਮੇਟੀ, ਮਲਹੋਤਰਾ ਪਰਿਵਾਰ ਦੀ ਦੇਸ਼ ਭਗਤ ਹਾਲ ਅਤੇ ਸਮਾਜ ਨੂੰ ਦੇਣ ਨੂੰ ਯਾਦ ਰੱਖਦੀ ਹੋਈ ਹਕੀਕੀ ਸ਼ਰਧਾਂਜ਼ਲੀ ਭੇਂਟ ਕਰਦੀ ਹੈ।

# ਅਕਾਲੀ ਆਗੂ ਰਵੀਕਰਨ ਸਿੰਘ ਕਾਹਲੋਂ ਚੇਅਰਮੈਨ ਬਣਾਉਣ ਦਾ ਸਵਾਗਤ

**ਬਟਾਲਾ (ਬਰਨਾਲ)–** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ: ਸੁਖਬੀਰ ਸਿੰਘ ਬਾਦਲ ਵੱਲੋਂ ਬੀਤੇ ਦਿਨ ਨੌਜਵਾਨ ਵਰਗ ਦੇ ਦਿਲਾਂ ਦੀ ਧੜਕਣ ਅਤੇ ਪਾਰਟੀ ਦੀ ਚੜਦੀ ਕਲਾ ਅਤੇ ਤਰੱਕੀ ਲਈ ਹਮੇਸ਼ਾਂ ਤਤਪਰ ਰਹਿਣ ਵਾਲੇ ਨੌਜਵਾਨ ਅਕਾਲੀ ਆਗੂ ਸ: ਰਵੀਕਰਨ ਸਿੰਘ ਕਾਹਲੋਂ ਚੇਅਰਮੈਨ ਟਿਊਬਵੈਲ ਕਾਰਪੋਰੇਸ਼ਨ ਪੰਜਾਬ ਨੂੰ ਜੋ ਯੂਥ ਅਕਾਲੀ ਦਲ ਦੀ ਮਾਝਾ ਜੋਨ ਦੀ ਪ੍ਰਧਾਨਗੀ ਸੌਂਪੀ ਗਈ ਹੈ, ਇਸ ਨਾਲ ਮਾਝਾ ਖੇਤਰ ਵਿੱਚ ਯੂਥ ਅਕਾਲੀ ਦਲ ਪਹਿਲਾਂ ਤੋਂ ਵੀ ਜਿਆਦਾ ਮਜਬੂਤ ਹੋਵੇਗਾ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਪੰਜਾਬੀ ਜਾਗਰਣ ਨਾਲ ਕਰਦਿਆਂ ਸੀਨੀਅਰ ਯੂਥ ਅਕਾਲੀ ਆਗੂ ਸ: ਹਰਮਿੰਦਰ ਸਿੰਘ ਸੰਧੂ ਨੇ ਦੱਸਿਆ ਕਿ ਸ: ਰਵੀਕਰਨ ਸਿੰਘ ਕਾਹਲੋਂ ਬੇਦਾਗ, ਈਮਾਨਦਾਰ, ਪਾਰਟੀ ਪ੍ਰਤੀ ਵਫਾਦਾਰ, ਆਮ ਜਨਤਾ ਦਾ ਦੁਖ ਦਰਦ ਵੰਡਾਉਣ ਵਾਲੇ ਅਤੇ ਹਰੇਕ ਵਰਗ ਨੂੰ ਨਾਲ ਲੈ ਕੇ ਚਲਣ ਵਾਲੇ ਇੱਕ ਵਧੀਆ ਸੋਚ ਦੇ ਧਾਰਨੀ ਇਨਸਾਨ ਹਨ ਅਤੇ ਉਹਨਾਂ ਨੇ ਸਮੇਂ ਸਮੇਂ ਤੇ ਨੌਜਵਾਨਾਂ ਨੂੰ ਯੋਗ ਅਗਵਾਈ ਦੇ ਕੇ ਯੂਥ ਅਕਾਲੀ ਦਲ ਦਾ ਝੰਡਾ ਬੁਲੰਦ ਕੀਤਾ ਹੈ। ਹੁਣ



ਉਹਨਾਂ ਨੂੰ ਯੂਥ ਅਕਾਲੀ ਦਲ ਦੀ ਮਾਝਾ ਜੋਨ ਦੀ ਪ੍ਰਧਾਨਗੀ ਮਿਲਣ ਨਾਲ ਪੂਰੇ ਮਾਝਾ ਖੇਤਰ ਵਿੱਚ ਯੂਥ ਅਕਾਲੀ ਦਲ ਹੋਰ ਬੁਲੰਦੀਆਂ ਤੇ ਜਾਵੇਗਾ ਜਿਸ ਨਾਲ ਆ ਰਹੀਆਂ ਵਿਧਾਨ ਸਭਾ ਚੋਣਾਂ ਵਿੱਚ ਇੱਕ ਵਾਰ ਫਿਰ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਸੱਤਾ ਵਿੱਚ ਆਵੇਗੀ। ਇਸ ਮੌਕੇ ਸ: ਸੰਧੂ ਨੇ ਦੱਸਿਆ ਕਿ ਸ: ਰਵੀਕਰਨ ਸਿੰਘ ਕਾਹਲੋਂ ਦੀ ਕਾਰਜ ਸ਼ੈਲੀ, ਹਰੇਕ ਵਰਕਰ ਨੂੰ ਮਾਣ ਸਨਮਾਨ ਦੇਣ ਅਤੇ ਨਿਮਰਤਾ ਭਾਵ ਰੱਖਣ ਕਾਰਨ ਸਮੁੱਚਾ ਨੌਜਵਾਨ ਵਰਗ ਉਹਨਾਂ ਨਾਲ ਚਟਾਨ ਵਾਂਗ ਖੜਾ ਹੈ ਅਤੇ ਰਵੀਕਰਨ ਸਿੰਘ ਕਾਹਲੋਂ ਦੀ ਅਗਵਾਈ ਹੇਠ ਸ਼੍ਰੋਮਣੀ ਅਕਾਲੀ ਦਲ ਦੀ ਤਰੱਕੀ ਅਤੇ ਚੜਦੀ ਕਲਾ ਲਈ ਦਿਨ ਰਾਤ ਇੱਕ ਕਰਕੇ ਸ਼੍ਰੋਮਣੀ ਅਕਾਲੀ ਦਲ ਦੀ ਜਿੱਤ ਯਕੀਨੀ ਬਣਾਈ ਜਾਵੇਗੀ ਅਤੇ ਮਾਣਯੋਗ ਉੱਪ ਮੁੱਖ ਮੰਤਰੀ ਸ: ਸੁਖਬੀਰ ਸਿੰਘ ਬਾਦਲ ਜੀ ਦਾ 25 ਸਾਲ ਪੰਜਾਬ ਦੀ ਸੇਵਾ ਕਰਨ ਦਾ ਸੁਪਨਾ ਸਾਕਾਰ ਕੀਤਾ ਜਾਵੇਗਾ।

ਇਸ ਮੌਕੇ ਸ: ਹਰਮਿੰਦਰ ਸਿੰਘ ਸੰਧੂ ਦੇ ਨਾਲ ਨੰਬਰਦਾਰ ਪਵਿੱਤਰਪਾਲ ਸਿੰਘ ਰੰਧਾਵਾ, ਸੀਨੀਅਰ ਯੂਥ ਅਕਾਲੀ ਆਗੂ ਸੋਨੂੰ ਰੰਧਾਵਾ, ਕੰਵਲਦੀਪ ਸਿੰਘ ਬਾਜਵਾ ਸਾਰਚੂਰ, ਅਮਰਿੰਦਰ ਸਿੰਘ, ਕੁਲਦੀਪ ਸਿੰਘ ਨਾਸਰਕੇ ਸਮੇਤ ਵੱਡੀ ਗਿਣਤੀ ਵਿੱਚ ਯੂਥ ਅਕਾਲੀ ਆਗੂ ਅਤੇ ਵਰਕਰ ਹਾਜ਼ਰ ਸਨ।

# ਗੁਰਦੁਆਰਾ ਨਾਨਕਸਰ ਵਿਖੇ ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਦਾ ਸ਼ਹੀਦੀ ਪੁਰਬ ਮਨਾਇਆ ਗਿਆ

**ਆਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਗੁਰਦੁਆਰਾ ਨਾਨਕਸਰ ਠਾਠ ਈਸ਼ਰ ਦਰਬਾਰ ਮੈਨੁਰੇਵਾ ਵਿਖੇ ਕੱਲ੍ਹ ਹਫਤਾਵਾਰੀ ਦੀਵਾਨ ਸ਼ਹੀਦਾਂ ਨੂੰ ਪ੍ਰਣਾਮ ਕਰਦਿਆਂ ਮਨਾਇਆ ਗਿਆ। ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਵਿਸ਼ੇਸ਼ ਪ੍ਰੋਗਰਾਮ ਉਲੀਕੇ ਗਏ। ਸਵੇਰ ਦੇ ਸਜੇ ਦੀਵਾਨ ਵਿਚ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਭਾਈ ਧੰਨਾ ਸਿੰਘ ਦੇ ਰਾਗੀ ਜੱਥੇ ਵੱਲੋਂ ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਸਾਕੇ ਨੂੰ ਸੰਗਤਾਂ ਨਾਲ ਬਹੁਤ ਜੋਸ਼ੀਲੇ ਅੰਦਾਜ਼ ਨਾਲ ਸਰਵਣ ਕਰਵਾਇਆ ਗਿਆ। ਸੰਗਤਾਂ ਨੇ ਸ਼ਬਦ ਕੀਰਤਨ ਦਾ ਪੂਰਨ ਆਨੰਦ ਮਾਣਿਆ। ਤਿੰਨ ਛੋਟੇ ਬੱਚਿਆਂ (ਅਨਮੋਲ ਸਿੰਘ, ਬਰਲੀਨ ਕੌਰ ਤੇ ਬਿਪਨਦੀਪ ਕੌਰ) ਨੇ ਆਪਣੀਆਂ ਕਵਿਤਾਵਾਂ ਰਾਂਹੀ ਸਾਹਿਬਜ਼ਾਦਿਆਂ ਨੂੰ ਸ਼ਰਧਾਂਜਲੀ ਭੇਟ ਕੀਤੀ। ਸੰਗਤਾਂ ਨੇ ਭਾਰੀ ਗਿਣਤੀ ਵਿੱਚ ਹਾਜ਼ਰੀ ਭਰੀ ਤੇ ਗੁਰੂ ਕਾ ਲੰਗਰ ਅਤੁੱਟ ਵਰਤਿਆ ਗਿਆ।ਇਸ ਮੌਕੇ ’ਸਪੋਕਨਜ਼ ਵਰਡ ਯੂਥ ਗਰੁੱਪ’ ਦੇ ਬੱਚਿਆਂ ਨੇ ਛਬੀਲ ਦੀ ਸੇਵਾ ਕੀਤੀ। ਸਮਾਗਮ ਦੇ ਅੰਤ ਵਿੱਚ ਸੰਗਤਾਂ ਨੂੰ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਸਮਰਪਿਤ ‘ਚਾਰ ਸਾਹਿਬਜ਼ਾਦੇ’ ਫਿਲਮ ’ਸਪੋਕਨਜ਼ ਵਰਡ ਯੂਥ ਗਰੁੱਪ’ ਦੇ ਬੱਚਿਆਂ ਵੱਲੋਂ ਦਿਖਾਈ ਗਈ। ਇਸ ਤੋਂ ਪਹਿਲਾਂ 26 ਦਸੰਬਰ ਦੀ ਸ਼ਾਮ ਨੂੰ ਵੀ ਵਿਸ਼ੇਸ਼ ਦੀਵਾਨ ਸਜਾਏ ਗਏ ਸਨ।







ਭਾਰਤੀ ਸਹਿਹੋਂਦ ਸੰਗਠਨ (ਲਕਸ਼ੈ) ਦੀ ਔਰਤ ਟੀਮ ਦੁਆਰਾ ਇਕ ਦਿਨਾ ਕੈਡਰ ਕੈਂਪ ਦਾ ਆਯੋਜਨ ਲਖਨਊ ਦੇ ਮਲਹਿਬਾਦ ਪਿੰਡ ਘੁਸੌਲੀ ਵਿਚ ਕੀਤਾ ਗਿਆ। ਕੈਡਰ ਵਿਚ ਮਹਾਂਪੁਰਸ਼ਾਂ ਦੇ ਯੋਗਦਾਨ ਨੂੰ ਯਾਦ ਕੀਤਾ ਗਿਆ ਅਤੇ ਉਹਨਾਂ ਦੁਆਰਾ ਦੱਸੇ ਰਸਤੇ ਤੇ ਚੱਲਣ ਦਾ ਸੱਦਾ ਦਿੱਤਾ ਗਿਆ। ਲਕਸ਼ੈ ਦੁਆਰਾ ਚਲਾਈ ਜਾ ਰਹੀ ਸਮਾਜਿਕ ਕ੍ਰਾਂਤੀ ਦੇ ਬਾਰੇ ਵਿਸਥਾਰ ਨਾਲ ਚਰਚਾ ਕੀਤੀ। ਕੈਡਰ ਕੈਂਪ ਵਿਚ ਔਰਤ ਕਮਾਂਡਰਾਂ ਨੇ ਆਪਣੇ-ਆਪਣੇ ਵਿਚਾਰ ਰੱਖੇ। ਇਸ ਕੈਡਰ ਕੈਂਪ ਵਿਚ ਲਕਸ਼ੈ ਕਮਾਂਡਰ ਰੇਖਾ ਆਰੀਆ, ਰਾਜਕੁਮਾਰੀ ਕੌਸ਼ਲ, ਸੁਸ਼ਮਾ ਬਾਬੂ, ਅੰਜੂ ਸਿੰਘ ਨੇ ਹਿੱਸਾ ਲਿਆ। ਲਕਸ਼ੈ ਦੁਆਰਾ ਚਲਾਏ ਜਾ ਰਹੇ ਇਹ ਕੈਡਰ ਕੈਂਪ ਸਵਰਗੀ ਕਾਂਸ਼ੀ ਰਾਮ ਜੀ ਨੂੰ ਸਮਰਪਿਤ ਹਨ।



ਭਾਰਤੀ ਸਹਿਹੋਂਦ ਸੰਗਠਨ (ਲਕਸ਼ੈ) ਜ਼ਿਲ੍ਹਾ ਪਲਵਨ (ਹਰਿਆਣਾ) ਦੀ ਟੀਮ ਨੇ ਪਿੰਡ ਕਵੋਲਾ ਵਿਚ ਕੈਡਰ ਕੈਂਪ ਦਾ ਆਯੋਜਨ ਕੀਤਾ। ਕੈਡਰ ਵਿਚ ਆਏ ਬਹੁਜਨ ਸਮਾਜ ਦੇ ਲੋਕਾਂ ਨੂੰ ਮਿਲਾਪ ਸਿੰਘ ਨੇ ਉਹਨਾਂ ਦੇ ਇਤਿਹਾਸ ਦੀ ਜਾਣਕਾਰੀ ਦੇ ਨਾਲ-ਲਾਲ ਉਹਨਾਂ ਦੇ ਅਧਿਕਾਰਾਂ ਦੀ ਵੀ ਜਾਣਕਾਰੀ ਦਿੱਤੀ। ਜੈ ਰਾਮ ਜੀ ਅਤੇ ਐਨ ਸੀ. ਆਰ. ਮੁਖੀ ਗੰਗਾ ਲਾਲ ਗੌਤਮ ਜੀ ਨੇ ਸਮਾਜ ਨੂੰ ਅੰਧ ਵਿਸ਼ਵਾਸ ਨੂੰ ਛੱਡ ਕੇ ਬਾਬਾ ਸਾਹਿਬ ਅੰਬੇਦਕਰ ਦੀ ਵਿਚਾਰਧਾਰਾ ਨੂੰ ਅਪਣਾਉਣ ਦੀ ਅਪੀਲ ਕੀਤੀ।

# SHRI GURU RAVIDASS SABHA (CA)

ਸੋਹੰ

2150 Crestview Drive, Pittsburg CA 94565
Tel : (925) 439-2355

ਗੁਰੂ ਪਿਆਰੀ ਸਮੂਹ ਸਾਧ ਸੰਗਤ ਨੂੰ



ਨਵਾਂ ਸਾਲ 2016 ਦੀਆਂ ਲੱਖ-ਲੱਖ ਵਧਾਈਆਂ

ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਨਵੇਂ ਸਾਲ 2016 ਦੀ ਆਮਦ ਦੀ ਖੁਸ਼ੀ ਵਿਚ ਰੈਣ ਸਬਾਈ ਪ੍ਰੋਗਰਾਮ 31 ਦਸੰਬਰ 2015 ਨੂੰ ਕਰਵਾਇਆ ਜਾ ਰਿਹਾ ਹੈ। ਇਸ ਮੌਕੇ ਸੁਖਮਨੀ ਸਾਹਿਬ ਦਾ ਪਾਠ ਅਤੇ ਲੰਗਰ ਦੀ ਸੇਵਾ ਭਾਈ ਬਿਲ ਬਿੰਦਲ ਅਤੇ ਬੀਬੀ ਅਨੂ ਬਿੰਡਲ ਵੱਲੋਂ ਕਰਵਾਈ ਜਾਵੇਗੀ। ਗੁਰੂ ਦਾ ਘਰ ਜਥਾ ਗਿਆਨੀ ਓਮਪਾਲ ਸਿੰਘ ਅਤੇ ਗਿਆਨੀ ਗੁਰਨਾਮ ਸਿੰਘ ਅਤੇ ਗਿਆਨੀ ਬਲਦੇਵ ਸਿੰਘ ਜੀ ਦੇ ਜਥੇ ਇਸ ਮੌਕੇ ਸ਼ਬਦ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ।

## ਪ੍ਰੋਗਰਾਮ ਦਾ ਵੇਰਵਾ

ਨਵੇਂ ਸਾਲ ਦੀ ਖੁਸ਼ੀ ਵਿਚ ਰੈਣ ਸਬਾਈ ਪ੍ਰੋਗਰਾਮ
31 ਦਸੰਬਰ 2015 (ਸ਼ਾਮੀ)

## ਲੋਹੜੀ ਪ੍ਰੋਗਰਾਮ- ਜਨਵਰੀ 13, 2016

ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ 13 ਜਨਵਰੀ 2016 ਦਿਨ ਬੁੱਧਵਾਰ ਨੂੰ ਸ਼ਾਮੀ 6 ਵਜੇ ਲੋਹੜੀ ਮਨਾਈ ਜਾਵੇਗੀ। ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਇਸ ਦਿਨ ਆਪਣੇ ਪਰਿਵਾਰਾਂ ਅਤੇ ਦੋਸਤਾਂ ਮਿੱਤਰਾਂ ਨਾਲ ਗੁਰੂ ਘਰ ਵਿਖੇ ਦਰਸ਼ਨ ਦੇਣ। ਗੁਰੂ ਘਰ ਵਿਖੇ ਮਨਾਈ ਜਾ ਰਹੀ ਇਹ ਲਗਾਤਾਰ ਚੌਥੀ ਲੋਹੜੀ ਹੈ। ਨਵਜੰਮੇ ਬੱਚਿਆਂ ਦੇ ਮਾਪਿਆਂ ਨੂੰ ਵਿਸ਼ੇਸ਼ ਤੌਰ ਤੇ ਬੇਨਤੀ ਹੈ ਕਿ ਆਪਣੇ ਬੱਚੇ ਦੀ ਪਹਿਲੀ ਲੋਹੜੀ ਗੁਰੂ ਘਰ ਵਿਖੇ ਮਨਾ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਨ।

ਇਸ ਮੌਕੇ ਲੰਗਰ, ਪਾਠ ਅਤੇ ਪ੍ਰਸ਼ਾਦ ਦੀ ਸੇਵਾ ਸੰਗਤ ਵੱਲੋਂ ਕੀਤੀ ਜਾਵੇਗੀ। ਇਸ ਮੌਕੇ ਪੰਥ ਦੇ ਪ੍ਰਸਿੱਧ ਕੀਰਤਨੀ ਜਥੇ, ਸਤਿਕਾਰਿਤ ਬੁਲਾਰੇ ਅਤੇ ਕਮਿਊਨਿਟੀ ਲੀਡਰ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਅਤੇ ਉਹਨਾਂ ਦੇ ਆਦਰਸ਼ਾਂ ਬਾਰੇ ਸੰਗਤ ਨੂੰ ਜਾਣਕਾਰੀ ਦੇਣਗੇ। ਕੀਰਤਨ ਦੀਵਾਨ ਦਾ ਸਮਾਂ ਵਧਾਇਆ ਵੀ ਜਾ ਸਕਦਾ ਹੈ।

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ ਨੂੰ ਇੰਮੀਗ੍ਰੇਸ਼ਨ ਦੇ ਮਸਲਿਆਂ ਤੇ ਲੋਕਾਂ ਦੀ ਮਦਦ ਲਈ ਇਕ ਇੰਮੀਗ੍ਰੇਸ਼ਨ ਅਟਾਰਨੀ ਅਤੇ ਸਿਹਤ ਨਾਲ ਸਬੰਧਤ ਸਵਾਲਾਂ ਦੇ ਜਵਾਬ ਲਈ ਡਾਕਟਰਾਂ ਦੇ ਗਰੁੱਪ ਦੀ ਲੋੜ ਹੈ। ਸਭਾ ਨੂੰ ਸਮਾਜ ਸੇਵੀ ਨਰਸਾਂ ਅਤੇ ਡਾਕਟਰਾਂ ਦੀ ਮਨੁੱਖਤਾ ਦੇ ਆਧਾਰ ਤੇ ਮਦਦ ਕਰਨ ਲਈ ਲੋੜ ਹੈ।

**ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਨੂੰ ਨਵੇਂ ਸਾਲ ਦੀ ਆਮਦ ਦੀ ਖੁਸ਼ੀ ਵਿਚ ਸ਼ਾਮਲ ਹੋਣ ਦੀ ਬੇਨਤੀ ਕੀਤੀ ਜਾਂਦੀ ਹੈ।**

## ਸ੍ਰੀ ਗੁਰੂ ਰਵਿਦਾਸ ਜੀ ਦਾ ਗੁਰਪੁਰਬ : ਫਰਵਰੀ 26 ਤੋਂ 28, 2016

ਸ੍ਰੀ ਗੁਰੂ ਰਵਿਦਾਸ ਸਭਾ ਕੈਲੇਫੋਰਨੀਆ, ਪਿਟਸਬਰਗ ਵੱਲੋਂ ਸਤਿਗੁਰੂ ਰਵਿਦਾਸ ਜੀ ਦਾ 639ਵਾਂ ਪ੍ਰਕਾਸ਼ ਦਿਹਾੜਾ 28 ਫਰਵਰੀ, 2016 ਨੂੰ ਗੁਰੂ ਘਰ ਵਿਖੇ ਮਨਾਇਆ ਜਾ ਰਿਹਾ ਹੈ।

### ਪ੍ਰੋਗਰਾਮਾਂ ਦਾ ਵੇਰਵਾ

ਆਰੰਭ ਸ੍ਰੀ ਅਖੰਡ ਪਾਠ ਸਾਹਿਬ
ਫਰਵਰੀ, 26, 2016 (ਸ਼ੁੱਕਰਵਾਰ) ਸਵੇਰੇ 9:30 ਵਜੇ
ਨਿਸ਼ਾਨ ਸਾਹਿਬ ਦੀ ਸੇਵਾ – ਫਰਵਰੀ 27, 2016 (ਸਨਿਚਰਵਾਰ)
ਭੋਗ ਸ੍ਰੀ ਅਖੰਡ ਪਾਠ ਸਾਹਿਬ – ਫਰਵਰੀ 28, 2016 (ਐਤਵਾਰ) 9:30 ਵਜੇ
ਕੀਰਤਨ ਦੀਵਾਨ – ਭੋਗ ਉਪਰੰਤ 2 ਵਜੇ ਦੁਪਹਿਰ ਤੱਕ

ਕਮੇਟੀ ਨੂੰ ਲੰਗਰ ਤਿਆਰ ਕਰਨ ਅਤੇ ਸੇਵਾ ਕਰਨ, ਗੁਰੂ ਘਰ ਨੂੰ ਸਾਫ ਸੁਥਰਾ ਰੱਖਣ, ਟਰੈਫਿਕ/ਪਾਰਕਿੰਗ, ਰਸੋਈ ਅਤੇ ਹੋਰ ਸੇਵਾ ਲਈ ਵਲੰਟੀਆਂ ਦੀ ਲੋੜ ਹੈ। ਜੋ ਕੋਈ ਇਸ ਸੇਵਾ ਦਾ ਚਾਹਵਾਨ ਹੋਵੇ, ਉਹ ਪ੍ਰਧਾਨ ਸੋਮ ਨਾਥ ਭਾਟੀਆ (408-499-0747) ਜਾਂ ਵਾਈਸ ਪ੍ਰਧਾਨ ਰਮੇਸ਼ ਸੁਮਨ (925-366-3618) ਜਾਂ ਜਨਰਲ ਸਕੱਤਰ ਦਿਲਬਾਗ ਸਿੰਘ (209-834-4611) ਨਾਲ ਸੰਪਰਕ ਕਰ ਸਕਦਾ ਹੈ।



ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੀਫੋਰਨੀਆ) WWW.SriGuruRavidassTemple.com

**ਸਟਾਲਾਂ, ਲੰਗਰ ਜਾਂ ਹੋਰ ਸੇਵਾ ਦੇ ਲਈ ਸੰਪਰਕ ਕਰੋ**

ਜਨਰਲ ਸਕੱਤਰ
ਦਿਲਬਾਗ ਸਿੰਘ
(209-834-4611)

ਚੇਅਰਮੈਨ
ਸ਼ਿੰਦਰਪਾਲ ਨਰਬਟ
(925-683-0178

### ਸੰਗਤ ਦੇ ਸੇਵਾਦਾਰ

**ਚੇਅਰਮੈਨ**
ਸ਼ਿੰਦਰ ਪਾਲ ਨਰਬਟ
**ਪ੍ਰਧਾਨ**
ਸੋਮ ਨਾਥ ਭਾਟੀਆ
**ਜਨਰਲ ਸਕੱਤਰ**
ਦਿਲਬਾਗ ਸਿੰਘ
**ਖਜਾਨਚੀ**
ਜਸਵੀਰ ਚਾਹਲ




ਨਵਾਂ ਸਾਲ 2016 ਦੀਆਂ ਲੱਖ-ਲੱਖ ਮੁਬਾਰਕਾਂ। ਆਪ ਸਭ ਲਈ ਇਹ ਸਾਲ ਖੁਸ਼ੀਆਂ-ਖੇੜਿਆਂ ਭਰਪੂਰ ਹੋਵੇ। ਵਾਹਿਗੁਰੂ ਅੱਗੇ ਅਰਦਾਸ ਕਰਦੇ ਹਾਂ ਕਿ ਸਾਰੀ ਮਨੁੱਖਤਾ ਸਾਲ 2016 ਵਿਚ ਖੁਸ਼ੀ ਅਤੇ ਸੁਖੀ ਜੀਵਨ ਬਤੀਤ ਕਰੇ।



# Shaheed Baba Deep Singh Welfare Society USA

# INDIA BAZAAR




**INDIAN, PAKISTANI & FIJJIAN GROCERIES**

WE ARE OPEN
**7 DAYS A WEEK**
9:00am to 8:30pm

RENT DVDS & BUY CLOTHES
ENJOY YOUR DAY WITH HOPES

WE ACCEPT FOOD STAMPS

CALL TO **HAPPY**
Cell: **(415) 706-7027**
Ph: **(209) 478-0285**
Fax: **(209) 477-3206**

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

**EVERY SATURDAY & SUNDAY SPECIAL DISCOUNT ON GROCERIES**

**1304-E HAMMER LANE, SUITE 12, STOCKTON CA, 95210**
EMAIL: indiabazaar08@yahoo.com

## ਆਪ ਸਭ ਨੂੰ ਨਵਾਂ ਸਾਲ 2016 ਮੁਬਾਰਕ


ਅਰਦਾਸ ਕਰਦੇ ਹਾਂ ਕਿ ਪਿਛਲੇ ਸਾਲ ਮਨੁੱਖਤਾ ਨੇ ਜੋ ਦਰਦ-ਤਕਲੀਫਾਂ ਹੰਢਾਈਆਂ, ਇਸ ਸਾਲ ਉਹਨਾਂ ਦਾ ਅੰਤ ਹੋਵੇ ਅਤੇ ਇਹ ਸਾਲ ਸਾਰੀ ਮਨੁੱਖਤਾ ਦੇ ਲਈ ਖੁਸ਼ੀਆਂ ਖੇੜਿਆਂ ਭਰਪੂਰ ਹੋਵੇ।



**ਜੈ ਰਾਮ ਗਾਟ ਅਤੇ ਸਮੂਹ ਪਰਿਵਾਰ**

## ਆਪ ਸਭ ਨੂੰ ਨਵਾਂ ਸਾਲ 2016 ਮੁਬਾਰਕ

ਅਰਦਾਸ ਕਰਦੇ ਹਾਂ ਕਿ ਪਿਛਲੇ ਸਾਲ ਮਨੁੱਖਤਾ ਨੇ ਜੋ ਦਰਦ-ਤਕਲੀਫਾਂ ਹੰਢਾਈਆਂ, ਇਸ ਸਾਲ ਉਹਨਾਂ ਦਾ ਅੰਤ ਹੋਵੇ ਅਤੇ ਇਹ ਸਾਲ ਸਾਰੀ ਮਨੁੱਖਤਾ ਦੇ ਲਈ ਖੁਸ਼ੀਆਂ ਖੇੜਿਆਂ ਭਰਪੂਰ ਹੋਵੇ।



**ਸ. ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ**

# Kash FABRICS

**ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ**



## ਸਾਡੀ ਸਪੈਸ਼ਲਟੀ

ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।

ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।

**KASH FABRICS**
**ONE STOP SHOPPING CENTRE**
29576 Mission Blvd Hayward. Ca 94544
www.kashfabrics.com
**Tel: 510-538-1138**



ਨਵਾਂ ਸਾਲ 2016 ਦੀਆਂ ਲੱਖ-ਲੱਖ ਮੁਬਾਰਕਾਂ। ਆਪ ਸਭ ਲਈ ਇਹ ਸਾਲ ਖੁਸ਼ੀਆਂ-ਖੇੜਿਆਂ ਭਰਪੂਰ ਹੋਵੇ। ਵਾਹਿਗੁਰੂ ਅੱਗੇ ਅਰਦਾਸ ਕਰਦੇ ਹਾਂ ਕਿ ਸਾਰੀ ਮਨੁੱਖਤਾ ਸਾਲ 2016 ਵਿਚ ਖੁਸ਼ੀ ਅਤੇ ਸੁਖੀ ਜੀਵਨ ਬਤੀਤ ਕਰੇ।




## ਸੁੱਖ ਰਾਮ ਚੰਦੜ ਤਾਜਪੁਰੀ ਅਤੇ ਸਮੂਹ ਚੰਦੜ ਪਰਿਵਾਰ



ਮਿਸਿਜ ਚੰਦੜ ਅਤੇ ਸੁੱਖ ਰਾਮ ਚੰਦੜ




ਨਵਾਂ ਸਾਲ 2016 ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਮੁਬਾਰਕਾਂ। ਆਪ ਸਭ ਲਈ ਇਹ ਸਾਲ ਖੁਸ਼ੀਆਂ-ਖੇੜਿਆਂ ਭਰਪੂਰ ਹੋਵੇ। ਵਾਹਿਗੁਰੂ ਅੱਗੇ ਅਰਦਾਸ ਕਰਦੇ ਹਾਂ ਕਿ ਸਾਰੀ ਮਨੁੱਖਤਾ ਸਾਲ 2016 ਵਿਚ ਖੁਸ਼ੀ ਅਤੇ ਸੁਖੀ ਜੀਵਨ ਬਤੀਤ ਕਰੇ।

## ਯੂਨਾਈਟਿਡ ਅਵੇਅਰਨੈਸ ਕਮੇਟੀ ਆਫ ਯੂ.ਐਸ.ਏ.

ਨਵਾਂ ਸਾਲ 2016 ਦੀਆਂ ਲੱਖ-ਲੱਖ ਮੁਬਾਰਕਾਂ। ਆਪ ਸਭ ਲਈ ਇਹ ਸਾਲ ਖੁਸ਼ੀਆਂ-ਖੇੜਿਆਂ ਭਰਪੂਰ ਹੋਵੇ। ਵਾਹਿਗੁਰੂ ਅੱਗੇ ਅਰਦਾਸ ਕਰਦੇ ਹਾਂ ਕਿ ਸਾਰੀ ਮਨੁੱਖਤਾ ਸਾਲ 2016 ਵਿਚ ਖੁਸ਼ੀ ਅਤੇ ਸੁਖੀ ਜੀਵਨ ਬਤੀਤ ਕਰੇ।

HAPPY NEW YEAR
2016



Mrs. Swaran Kaur Virdi W/O Late Sh. Jarnail Virdi
With her son Mr. Pawan Virdi & daughter-in-law
Mrs. Sunita Virdi and grandson & grand daughters

ਵੱਲੋਂ ਸਵਰਨ ਕੌਰ ਵਿਰਦੀ
ਸੁਪਤਨੀ ਸਵਰਗਵਾਸੀ ਸ੍ਰੀ ਜਰਨੈਲ ਵਿਰਦੀ
ਸਮੂਹ ਵਿਰਦੀ ਪਰਿਵਾਰ











*Managing Committee:* Prem Sondhi President 530-751-3887, Gurpal Singh Chairman 916-873-0311,
Balbir Singh Thaper Vice Chairman 916-607-4650, Santokh Singh Gill Vice President 530-740-3056
Avinash Sondhi, Cashier 530-301-1157, , , Vinod Gill Cashier 530-822-9587, Sohan Lal Sahota Secretary 530-674-9766

ਸਮੂਹ ਪ੍ਰਬੰਧਕ ਕਮੇਟੀ
ਮਹਾਂਰਿਸ਼ੀ ਵਾਲਮੀਕ ਸਭਾ, ਯੂ.ਐਸ.ਏ, ਯੂਬਾ ਸਿਟੀ, ਕੈਲੀਫੋਰਨੀਆ

ਆਪ ਸਭ ਨੂੰ ਨਵਾਂ ਸਾਲ 2016 ਮੁਬਾਰਕ।
ਅਰਦਾਸ ਕਰਦੇ ਹਾਂ ਕਿ ਇਹ ਸਾਲ ਸਭ ਲਈ
ਉਪਲਬਧੀਆਂ ਭਰਿਆ ਹੋਵੇ। ਇਹ ਸਾਲ ਸਾਰੀ
ਮਨੁੱਖਤਾ ਦੇ ਲਈ ਖੁਸ਼ੀਆਂ ਖੇੜੇ ਲੈ ਕੇ ਆਵੇ।

Happy New Year
2016

Manjit Kumar Bhardwaj



ਮਨਜੀਤ ਭਾਰਦਵਾਜ ਆਪਣੇ ਪਰਿਵਾਰ ਨਾਲ


# Grant Line Insurance Agency, Inc.

## DBA Sky High Insurance Agency

One stop shop for all your Insurance needs

License#0J06225






ਸਾਡੇ ਕੋਲ ਟਰੱਕਿੰਗ, ਆਟੋ, ਘਰੇਲੂ, ਲਾਈਫ, ਵਰਕਰਜ਼ ਕੰਪਨਸੇਸ਼ਨ, ਕਮਰਸ਼ੀਅਲ, ਬੌਂਡ ਆਦਿ ਲਈ ਇੰਸ਼ੋਰੈਂਸ ਦੀਆਂ ਸੇਵਾਵਾਂ ਉਪਲਬਧ ਹਨ।

ਹਫਤੇ ਦੇ 6 ਦਿਨ

ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 9:00 ਵਜੇ ਸਵੇਰ ਤੋਂ 6:00 ਸ਼ਾਮ ਤੱਕ
ਸ਼ਨੀਵਾਰ ਸਵੇਰੇ 10 ਵਜੇ ਤੋਂ ਸ਼ਾਮੀ 3 ਵਜੇ ਤੱਕ

**Call for Free Quote**

**209-263-0860**

3244 W. Grant Line Rd., Tracy, CA 95304

Email:- Jas@Skyhighinsuranceagency.com
Website: www.skyhighinsuranceagency.com



ਜਸਵੀਰ ਕੌਰ
ਬਰੋਕਰ
925-895-8140

ਹਰਮਨ ਸਿੰਘ
ਏਜੰਟ
510-415-8154

# ਮੂਲਵਾਸੀ ਪੰਜਾਬੀ ਕਾਵਿ ਚਿੰਤਨ-ਇੱਕ ਦ੍ਰਿਸ਼ਟੀਕੋਣ

## ਮੂਲ ਸਮੱਸਿਆ ਅਤੇ ਭਵਿੱਖ



ਫਤਿਹਜੰਗ ਸਿੰਘ
91-98726-70278

(ਤੀਜੀ ਕਿਸਤ)

ਇਸੇ ਤਰ੍ਹਾਂ ਦੀਆਂ ਭਾਵਨਾਵਾਂ ਵਾਲੀਆਂ ਕਵਿਤਾਵਾਂ ਬਾਕੀ ਦਲਿਤ ਕਵੀ ਵੀ ਰਚ ਰਹੇ ਸਨ। ਇਹ ਗੱਲ ਨੋਟ ਕਰਨ ਵਾਲੀ ਹੈ ਕਿ ਇਹ ਸਾਰੇ ਹੀ ਕਵੀ ਜਾਤਪਾਤੀ ਕੈਂਸਰ ਦੀ ਬੀਮਾਰੀ ਨੂੰ ਹਰ ਪਾਸਿਉਂ ਘੇਰ ਕੇ ਇਲਾਜ ਵਾਲੇ ਪਾਸੇ ਲਿਜਾਂਦੇ ਹਨ। ਸ਼ਾਇਦ ਇਸ ਕਰਕੇ ਕਿ ਇਹਨਾਂ ਨੇ ਇਸ ਕੈਂਸਰ ਦੀ ਪੀੜ ਨੂੰ ਆਪ ਵੀ ਸਹਿਆ ਹੁੰਦਾ ਹੈ ਅਤੇ ਆਪਣੇ ਆਲੇ ਦੁਆਲੇ ਆਪਣੇ ਵਰਗਿਆਂ ਨੂੰ ਵੀ ਸਹਿੰਦਿਆ ਵੇਖਿਆ ਹੁੰਦਾ ਹੈ। ਜੁੱਤੀ ਪਹਿਨਣ ਵਾਲਾ ਹੀ ਮਹਿਸੂਸ ਕਰ ਸਕਦਾ ਹੈ ਕਿ ਜੁੱਤੀ ਕਿੱਥੋਂ ਕੱਟ ਰਹੀ ਹੈ ਅਤੇ ਕਿੰਨੀ ਕੁ ਪੀੜ ਕਰ ਰਹੀ ਹੈ। ਗੁਰੂ ਨਾਨਕ ਵਰਗੇ ਕਵੀ ਅਪਵਾਦ ਹੋ ਸਕਦੇ ਹਨ ਪਰ ਬਹੁਤਾ ਕਰਕੇ ਇਹ ਨਿਯਮ ਲਾਗੂ ਹੁੰਦਾ ਹੈ ਕਿ-

ਜਿਸ ਤਨੁ ਲਾਗੇ, ਸੋਈ ਤਨ ਜਾਣੇ।


ਇਸੇ ਪੜਾਅ ਦੇ ਲਾਲ ਸਿੰਘ ਦਿਲ ਅਤੇ ਸੰਤ ਰਾਮ ਉਦਾਸੀ ਹੰਢੇ ਹੋਏ, ਡੂੰਘਾਈ ਵਾਲੀ ਜਾਨਦਾਰ ਗੱਲ ਕਹਿਣ ਵਾਲੇ ਮੂਲ ਰੂਪ ਵਿੱਚ ਦਲਿਤ ਕਵੀ ਸਨ। ਉਹ ਦਲਿਤਾਂ ਦੇ ਦਰਦਾਂ ਦੀ ਬਾਤ ਪਾਉਂਦੇ ਰਹੇ, ਵਿਹੜਿਆਂ ਦੀ ਦਾਸਤਾਨ ਕਹਿੰਦੇ ਰਹੇ, ਸਦੀਆਂ ਤੋਂ ਝੱਖੜਾਂ ਹਨੇਰੀਆਂ ਦੇ ਝੰਬਿਆਂ ਦੀਆਂ ਦੁਸ਼ਵਾਰੀਆਂ ਆਪਣੇ ਲਹੂ ਭਿੱਜੇ ਸ਼ਬਦਾਂ ਨਾਲ ਉਲੀਕਦੇ ਰਹੇ ਪਰ ਉਨ੍ਹਾਂ ਨੂੰ ਵੀ ਜੁਝਾਰਵਾਦੀ ਦਾ ਲੇਬਲ ਲਾ ਕੇ 'ਮੁੱਖ ਧਾਰਾ' ਵਿੱਚ ਸ਼ਾਮਲ ਨਹੀਂ ਕੀਤਾ ਗਿਆ। ਲਾਲ ਸਿੰਘ ਦਿਲ ਦੇ ਕਾਵਿ ਵਿਚਲੇ ਦਰਦ ਦਾ ਪੱਧਰ ਵੇਖੋ:-

ਮੈਨੂੰ ਪਿਆਰ ਕਰੇਂਦੀਏ ਪ੍ਰਜਾਤ ਕੁੜੀਏ,
ਸਾਡੇ ਸਕੇ ਮੁਰਦੇ ਵੀ ਇੱਕ ਥਾਂ 'ਤੇ ਨਹੀਂ ਜਲਾਉਂਦੇ।

ਇਸੇ ਤਰ੍ਹਾਂ ਸੰਤ ਰਾਮ ਉਦਾਸੀ ਨੇ ਦਲਿਤਾਂ ਦੇ ਘਰ ਜਨਮ ਲੈ ਕੇ ਦਲਿਤਾਂ ਦੇ ਵਿਹੜਿਆਂ ਦੀ ਦਾਸਤਾਨ, ਉਨ੍ਹਾਂ ਦੀ ਗਰੀਬੀ, ਲਾਚਾਰੀ, ਜਾਤੀ ਵਿਤਕਰਿਆਂ ਦੀ ਦਰਦ ਗਾਥਾ ਉਚਾਰੀ ਹੈ ਜਿੰਨ੍ਹਾਂ ਦਾ ਵਿਸਥਾਰਪੂਰਵਕ ਜ਼ਿਕਰ ਅੱਗੇ ਚੱਲ ਕੇ ਕੀਤਾ ਜਾਵੇਗਾ।

ਇਸੇ ਕਾਲ ਵਿੱਚ ਡਾ. ਅੰਬੇਡਕਰ ਦੇ ਵਿਧੀਪੂਰਵਕ ਸੰਘਰਸ਼ ਨਾਲ ਦਲਿਤਾਂ ਦੇ ਜੀਵਨ ਵਿੱਚ ਮਹੱਤਵਪੂਰਨ ਤਬਦੀਲੀ ਆਈ। ਭਾਵੇਂ ਉਹਨਾਂ ਦੇ ਸੰਘਰਸ਼ ਦੀਆਂ ਪ੍ਰਾਪਤੀਆਂ ਸਮਾਜ ਦੇ ਹਰ ਵਰਗ/ਅੰਗ ਲਈ ਸਹਾਇਕ ਸਿੱਧ ਹੋਈਆਂ ਪਰ ਕਿਉਂਕਿ ਦਲਿਤ ਕਾਫੀ ਲੰਬੇ ਸਮੇਂ ਤੋਂ ਮਨੁੱਖੀ ਹੱਕਾਂ ਤੋਂ ਮਹਿਰੂਮ ਰਿਹਾ ਸੀ ਇਸ ਲਈ ਇਸ ਦੇ ਜੀਵਨ ਵਿੱਚ ਇਹ ਇਨਕਲਾਬੀ ਤਬਦੀਲੀ ਖਾਸ ਤੌਰ 'ਤੇ ਉੱਭਰਕੇ ਸਾਹਮਣੇ ਆਈ। ਜਿੰਨ੍ਹਾਂ ਮਨੁੱਖੀ ਅਧਿਕਾਰਾਂ ਦੀ ਪ੍ਰਾਪਤੀ ਦਲਿਤ ਸੁਫ਼ਨੇ ਵਿੱਚ ਵੀ ਨਹੀਂ ਸੋਚ ਸਕਦਾ ਸੀ ਉਹ ਅਧਿਕਾਰ ਡਾ. ਅੰਬੇਡਕਰ ਦੇ ਸੰਘਰਸ਼ ਨੇ ਸੰਵਿਧਾਨ ਦੇ ਮੁਢਲੇ ਅਧਿਕਾਰਾਂ ਵਿੱਚ ਦਰਜ ਕਰਵਾ ਦਿੱਤੇ। ਉਸ ਲਈ ਵਿੱਦਿਆ ਦੇ ਦੁਆਰ ਖੁੱਲ੍ਹ ਗਏ, ਨੌਕਰੀਆਂ ਵਿੱਚ ਥਾਂ ਮਿਲਣ ਲੱਗੀ। ਛੂਆਛੂਤ ਕਾਨੂੰਨੀ ਅਪਰਾਧ ਹੋ ਗਿਆ, ਘੁੰਮਣ ਫਿਰਨ ਦੀ ਆਜ਼ਾਦੀ ਕੋਈ ਵੀ ਧਰਮ ਅਪਨਾਉਣ ਦੀ ਆਜ਼ਾਦੀ ਮਿਲ ਗਈ। ਜਾਇਦਾਦ ਖਰੀਦਣ ਵੇਚਣ ਦਾ ਅਧਿਕਾਰ, ਵਿਚਾਰ ਪ੍ਰਗਟ ਕਰਨ ਦਾ ਅਧਿਕਾਰ ਮਿਲ ਗਿਆ। ਇਹੀ ਅਧਿਕਾਰ ਸਨ ਜੋ ਦਲਿਤਾਂ ਨੂੰ ਸਦੀਆਂ ਤੋਂ ਪ੍ਰਾਪਤ ਨਹੀਂ ਸਨ। ਪਰ ਕਿਉਂਕਿ ਇਨ੍ਹਾਂ ਅਧਿਕਾਰਾਂ ਨੂੰ ਲਾਗੂ ਕਰਨ ਜਾਂ ਨਾ ਕਰਨ ਦੀ ਤਾਕਤ ਉਨ੍ਹਾਂ ਹੀ ਹੱਥਾਂ ਵਿੱਚ ਸੀ ਜੋ ਇਨ੍ਹਾਂ ਅਧਿਕਾਰਾਂ ਨੂੰ ਦੇਣ ਤੋਂ ਇਨਕਾਰੀ ਰਹੇ ਸਨ। ਇਸ ਲਈ ਇਹ ਪੂਰਨ ਰੂਪ ਵਿੱਚ ਲਾਗੂ ਨਹੀਂ ਹੋ ਸਕੇ ਜਿਸ ਕਰਕੇ ਅੱਜ ਸੰਵਿਧਾਨ ਲਾਗੂ ਹੋਏ ਨੂੰ ਲਗਭਗ ਪੌਣੀ ਸਦੀ ਬੀਤ ਜਾਣ ਬਾਅਦ ਵੀ ਦਲਿਤ ਦੂਜਿਆਂ ਨਾਲ ਪੂਰਣ ਬਰਾਬਰੀ 'ਤੇ ਨਹੀਂ ਆ ਸਕਿਆ। ਹੋਰ ਤਾਂ ਹੋਰ ਦਲਿਤਾਂ ਨੂੰ ਉਸ ਦੇ ਮਸੀਹਾ ਦੇ ਨਾਂ ਅਤੇ ਪ੍ਰਾਪਤੀਆਂ ਤੋਂ ਵੀ ਦੂਰ ਰੱਖਿਆ ਗਿਆ। ਪਤਾ ਹੀ ਨਾ ਲੱਗਣ ਦਿੱਤਾ ਗਿਆ ਕਿ ਦਲਿਤਾਂ ਲਈ ਕਿਸਨੇ ਸਹੀ ਲੜਾਈ ਲੜੀ ਅਤੇ ਕੀ ਪ੍ਰਾਪਤੀਆਂ ਕੀਤੀਆਂ।

ਫਿਰ ਕਾਂਸ਼ੀ ਰਾਮ ਦੀ ਅਗਵਾਈ ਵਿੱਚ ਵੀਹਵੀਂ ਸਦੀ ਦੇ ਅੱਠਵੇਂ ਦਹਾਕੇ ਵਿੱਚ ਫੂਲੇ-ਅੰਬੇਡਕਰ ਲਹਿਰ ਉੱਠੀ ਜਿਸਨੇ ਦਲਿਤਾਂ ਦੇ ਜੀਵਨ ਵਿੱਚ ਇੱਕ ਨਵੀਂ ਹੀ ਚੰਗਿਆੜੀ ਭਖਾ ਦਿੱਤੀ। ਇਸ ਲਹਿਰ ਤੋਂ ਹੀ ਦਲਿਤਾਂ ਨੂੰ ਆਪਣੇ ਅਤੀਤ ਅਤੇ ਵਰਤਮਾਨ ਬਾਰੇ ਗਿਆਨ ਹੋਇਆ ਅਤੇ ਭਵਿਖ ਦੇ ਨਿਰਮਾਣ ਲਈ ਉਮੰਗ ਜਾਗੀ। ਇਸ ਲਹਿਰ ਨਾਲ ਜਿੱਥੇ ਦਲਿਤਾਂ ਦੇ ਜੀਵਨ ਵਿੱਚ ਨਵੀਂ ਤਬਦੀਲੀ ਆਈ ਉੱਥੇ ਕਈ ਮਹੱਤਵਪੂਰਨ ਪ੍ਰਾਪਤੀਆਂ ਵੀ ਹੋਈਆਂ ਜਿੰਨ੍ਹਾਂ ਵਿੱਚ ਰਾਜਨੀਤਕ ਤੌਰ 'ਤੇ ਜਾਗ੍ਰਿਤੀ ਖਾਸ ਤੌਰ 'ਤੇ ਉੱਭਰ ਕੇ ਸਾਹਮਣੇ ਆਈ। ਇਸ ਲਹਿਰ ਨਾਲ ਦਲਿਤ ਸਾਹਿਤ ਦੀ ਉਤਪਤੀ ਅਤੇ ਵਿਕਾਸ 'ਤੇ ਵੀ ਅਸਰ ਪਿਆ। ਕਈ ਨਵੇਂ ਲੇਖਕ ਪੈਦਾ ਹੋਏ ਤੇ ਕਈ ਦੂਜੇ ਖੇਮਿਆਂ ਤੋਂ ਆਪਣੇ ਮੂਲ ਨਾਲ ਆ ਜੁੜੇ। ਇੱਕ ਵਿਚਾਰ ਧਾਰਕ ਇਨਕਲਾਬ ਆਇਆ। ਲੇਖਕ ਤੇ ਚਿੰਤਕ ਅਧਿਐਨ ਅਤੇ ਵਿਸਲੇਸ਼ਣ ਤੋਂ ਬਾਅਦ ਆਪਣੇ ਹਿਤੈਸ਼ੀ ਆਗੂ ਅਤੇ ਵਿਚਾਰਧਾਰਾ ਨੂੰ ਭਲੀਭਾਂਤ ਪਛਾਨਣ ਲੱਗੇ। ਇੱਕ ਨਵੇਂ ਵਿਸ਼ਵਾਸ ਦਲੇਰੀ ਅਤੇ ਜ਼ੁਰਅਤ ਨੇ ਜਨਮ ਲਿਆ। ਵੇਖਦਿਆਂ ਹੀ ਵੇਖਦਿਆਂ ਸਾਹਿਤ ਦੀ ਇੱਕ ਵੱਖਰੀ ਲਹਿਰ ਵਗਦੀ ਦਿਸਣ ਲਗੀ। ਇਹ ਤਬਦੀਲੀ ਪੂਰੇ ਦੇਸ਼ ਵਿੱਚ ਪਾਈ ਗਈ। ਪੰਜਾਬੀ ਸਾਹਿਤ ਵੀ ਕਿਸੇ ਤਰ੍ਹਾਂ ਪਿੱਛੇ ਨਾ ਰਿਹਾ। ਇਸਨੇ ਆਪਣਾ ਯੋਗ ਹਿੱਸਾ ਪਾਇਆ। ਪੰਜਾਬੀ ਸਾਹਿਤ ਦੀ ਉਹ ਧਾਰਾ ਜੋ ਕਦੇ ਵੀ 'ਮੁੱਖ ਧਾਰਾ' ਦਾ ਅੰਗ ਨਹੀਂ ਸੀ ਮੰਨੀ ਗਈ ਹੁਣ ਮੁੱਖ ਧਾਰਾ ਦੇ ਮੁੱਖ ਵਿਸ਼ੇ ਮਾਰਕਸਵਾਦ ਨਾਲ ਸੰਵਾਦ ਰਚਾਉਣ ਦੇ ਸਮਰੱਥ ਹੋ ਗਈ। ਮਾਰਕਸੀਆਂ ਦੇ ਇਸ ਕਥਨ "ਆਰਥਿਕ ਜੁਗ ਪਲਟਾ ਹੀ ਸੱਭਿਆਚਾਰਕ ਕਰਾਂਤੀ ਨੂੰ ਜਨਮ ਦੇਣ ਦੇ ਸਮਰੱਥ ਹੈ" ਨਾਲ ਦਲਿਤਾਂ ਦੀ ਤਸੱਲੀ ਨਹੀਂ ਸੀ ਹੁੰਦੀ ਕਿਉਂਕਿ ਹੁਣ ਉਹਨਾਂ ਨੂੰ ਅੰਬੇਡਕਰਵਾਦ ਨੇ ਸਮਝਾ ਦਿੱਤਾ ਸੀ ਕਿ ਸੰਸਦੀ ਪ੍ਰਕਿਰਿਆ ਰਾਹੀਂ ਸੰਵਿਧਾਨਕ ਰੂਪ 'ਚ ਵੋਟ ਬੈਂਕ ਜ਼ਰੀਏ ਸ਼ਕਤੀ ਪ੍ਰਾਪਤ ਹੋ ਸਕਦੀ ਹੈ ਤੇ ਕੁੱਲ ਸੰਪਤੀ ਦੇ ਸਰਕਾਰੀਕਰਣ ਨਾਲ ਸਮਾਜਵਾਦ ਸਥਾਪਤ ਕੀਤਾ ਜਾ ਸਕਦਾ ਹੈ। ਦਲਿਤਾਂ ਦੀਆਂ ਸਮੱਸਿਆਵਾਂ ਅਤੇ ਗੁੰਝਲਾਂ ਦੀਆਂ ਗੰਢਾਂ ਬਹੁਤ ਪੀਡੀਆਂ ਸਨ। ਮਾਰਕਸਵਾਦ ਨੇ ਕਈ ਰਾਜਾਂ ਵਿੱਚ ਕਈ ਕਈ ਦਹਾਕੇ ਸੱਤਾ ਕਬਜ਼ੇ ਵਿੱਚ ਰੱਖ ਕੇ ਨਾ ਇਹਨਾਂ ਗੰਢਾਂ ਨੂੰ ਕਦੇ ਖੋਲ੍ਹਣ ਦੀ ਕੋਸ਼ਿਸ਼ ਕੀਤੀ ਅਤੇ ਨਾ ਦਲਿਤਾਂ ਦੀ ਕਿਸੇ ਪਾਸੇ ਕੋਈ ਵਾਹ ਚੱਲਣ ਦਿੱਤੀ। ਹਾਂ ਪਰ ਅੰਬੇਡਕਰੀ ਲਹਿਰ ਨੇ ਉਹ ਕੁੱਝ ਜਰੂਰ ਕਰ ਵਿਖਾਇਆ ਜਿਸਦਾ ਨਾ ਦਲਿਤਾਂ ਨੂੰ ਚਿੱਤ ਚੇਤਾ ਸੀ ਤੇ ਨਾ ਹੀ ਇਸ ਦੇਸ਼ ਦੇ ਕਥਿਤ ਮੁੱਖ ਧਾਰਾ ਦੇ ਵਿਦਵਾਨਾਂ ਤੇ ਚਿੰਤਕਾਂ ਨੂੰ। ਇਸ ਲਹਿਰ ਨਾਲ ਸਭ ਤੋਂ ਵੱਡੇ ਸੂਬੇ ਦੀ ਰਾਜਸੱਤਾ ਇੱਕ ਅੰਬੇਡਕਰਵਾਦੀ ਵਿਚਾਰਧਾਰਾ ਅਪਣਾਉਂਦੀ ਦਲਿਤ ਇਸਤਰੀ ਦੇ ਹੱਥ ਚਾਰ ਵਾਰੀ ਆਈ ਜੋ ਬ੍ਰਾਹਮਣਵਾਦੀ ਢਾਂਚੇ ਵਿੱਚ ਮਾਰਕਸੀ ਕਦੇ ਨਹੀਂ ਸੀ ਕਰ ਸਕਦੇ। ਬ੍ਰਾਹਮਣਵਾਦੀ ਢਾਂਚੇ ਵਿੱਚ ਇੱਕ ਦਲਿਤ ਦੇ ਰਾਜ ਸੱਤਾ ਪ੍ਰਾਪਤ ਕਰਨ ਨਾਲ ਦਲਿਤਾਂ ਦਾ ਮਨਚਾਹਿਆ ਨਤੀਜਾ ਤਾਂ ਨਹੀਂ ਸੀ ਆ ਸਕਦਾ ਪਰ ਦਲਿਤਾਂ ਨੂੰ ਇਹ ਅਹਿਸਾਸ ਜਰੂਰ ਹੋ ਗਿਆ ਕਿ ਦਲਿਤ ਉਥਾਨ ਲਈ ਇਹ ਅੰਬੇਡਕਰਵਾਦੀ ਰਾਹ ਹੀ ਸਹੀ ਹੈ ਜੋ ਉਨ੍ਹਾਂ ਲਈ ਰਾਜ ਸੱਤਾ ਸਥਾਪਤ ਕਰ ਸਕਦਾ ਹੈ।





ਲਗਭਗ 30 ਕੁ ਸਾਲਾਂ ਦੇ ਇਸ ਸੰਘਰਸ਼ ਵਿੱਚ ਕਈ ਅਸਫ਼ਲਤਾਵਾਂ, ਕਈ ਪ੍ਰਾਪਤੀਆਂ ਤੇ ਕਈ ਸੰਭਾਵਨਾਵਾਂ ਨਾਲ ਲੈਸ ਹੋ ਕੇ ਕਈ ਦਲਿਤ ਕਵੀ ਮੈਦਾਨ ਵਿੱਚ ਆਏ। ਨਿਸ਼ਚੇ ਹੀ ਉਹਨਾਂ ਦੀਆਂ ਰਚਨਾਵਾਂ ਉੱਚ ਕੋਟੀ ਦੀਆਂ ਹਨ। ਦਲਿਤਾਂ ਦੇ ਜਾਤੀ ਯਥਾਰਥ ਨੂੰ ਪ੍ਰਗਟ ਕਰਦੀਆਂ ਹਨ। ਉਸ ਯਥਾਰਥ ਦੀ ਤਹਿ ਤੱਕ ਪਹੁੰਚਦਿਆਂ ਭਾਵੇਂ ਵਿਰੋਧਤਾ ਉਪਜਣੀ ਕੁਦਰਤੀ ਹੈ ਪਰ ਕੋਈ ਵੀ ਸਾਹਿਤ ਵਿਰੋਧਤਾ ਤੋਂ ਬਿਨਾਂ ਨਹੀਂ ਹੈ। ਜਦੋਂ ਸਮਾਜ ਦੀਆਂ ਗਲਤ ਕਦਰਾਂ ਕੀਮਤਾਂ ਦਾ ਜ਼ਿਕਰ ਆਵੇਗਾ, ਜਦੋਂ ਲੋਕ ਵਿਰੋਧੀ ਪ੍ਰਚੱਲਤ ਧਾਰਾ ਦੀਆਂ ਜੜ੍ਹਾਂ ਵਿੱਚ ਤੇਲ ਦੇਣ ਦੀ ਪ੍ਰਕਿਰਿਆ ਹੋਵੇਗੀ ਤਾਂ ਨਿਸ਼ਚੇ ਹੀ ਵਿਰੋਧ ਉਪਜੇਗਾ ਤੇ ਉਸ ਨੂੰ ਸਥਾਪਤ ਕਰਨ ਵਾਲੀਆਂ ਸ਼ਕਤੀਆਂ ਉਸ ਦੇ ਵਿਰੋਧ ਵਿੱਚ ਜੁੜਨਗੀਆਂ। ਇਸੇ ਪ੍ਰਸਥਿਤੀ ਵਿੱਚ ਪੰਜਾਬੀ ਦਲਿਤ ਕਾਵਿ ਜਾਂ ਦਲਿਤ ਕਵੀਆਂ 'ਤੇ ਇਹ ਇਲਜ਼ਾਮ ਲੱਗਣੇ ਸ਼ੁਰੂ ਹੋ ਗਏ ਕਿ ਦਲਿਤ ਸਾਹਿਤ ਉਹਨਾਂ ਮੱਧ ਵਰਗੀ ਆਰਥਿਕ ਪੱਖੋਂ ਸੰਪੂਰਣ ਦਲਿਤ ਲੇਖਕਾਂ ਵੱਲੋਂ ਪੈਦਾ ਕੀਤਾ ਜਾ ਰਿਹਾ ਹੈ ਜਿੰਨ੍ਹਾਂ ਨੇ ਉਤਪੀੜਨ ਆਪ ਨਹੀਂ ਸਹਿਆ। ਇਸ ਲਈ ਇਸ ਸਾਹਿਤ ਵਿੱਚ ਮੌਲਿਕਤਾ ਦੀ ਘਾਟ ਹੈ। ਅਜਿਹਾ ਕਟਾਖਸ਼ ਕਰਨ ਲੱਗਿਆਂ ਉਹ ਆਪਣਾ ਭੁੱਲ ਜਾਂਦੇ ਹਨ ਕਿ ਉਹ ਵੀ ਤਾਂ ਹੁਣ ਸ਼ਹਿਰਾਂ ਦੀ ਰਿਹਾਇਸ਼ ਹੰਢਾਉਂਦਿਆਂ ਤੇ ਚੰਗੀਆਂ ਤਨਖਾਹਾਂ ਲੈਂਦਿਆਂ ਆਪ ਕਿਹੜਾ ਕਿਰਸਾਨੀ ਕਰਦੇ ਹਨ ਜੋ ਉਹਨਾਂ ਨੂੰ ਕਿਸਾਨ ਦੀ ਉਤਪੀੜਨਾ ਦਾ ਅਹਿਸਾਸ ਹੁੰਦਾ ਹੈ? ਫਿਰ ਉਹ ਜਦੋਂ ਰਚਨਾਵਾਂ ਰਚਦੇ ਹਨ ਤਾਂ ਉਦੋਂ ਮੌਲਿਕਤਾ ਕਿੱਥੋਂ ਆਉਂਦੀ ਹੈ? ਇਹੀ ਕਾਰਣ ਤਾਂ ਨਹੀਂ ਕਿਤੇ ਕਿ ਪ੍ਰਚੱਲਤ 'ਮੁੱਖ ਧਾਰਾ' ਸਾਹਿਤ ਜੱਟ ਨੂੰ ਅਮੀਰ ਤੇ ਮੌਜਾਂ ਕਰਨ ਵਾਲਾ, ਸ਼ਰਾਬੀ ਕਬਾਬੀ ਵਿਖਾ ਰਿਹਾ ਹੈ ਪਰ ਅਸਲ ਵਿੱਚ ਜੱਟ ਤੰਗੀ ਤੁਰਸ਼ੀਆਂ ਵਿੱਚ ਖੁਦਕੁਸ਼ੀਆਂ ਕਰ ਰਿਹਾ ਹੈ?

ਇਹ ਵਿਰੋਧਤਾਵਾਂ ਦਾ ਸਿਲਸਿਲਾ ਜਾਰੀ ਰਹਿੰਦਾ ਹੈ। ਦਲਿਤ ਵਾਂਗ ਹੀ ਭਾਰਤੀ ਸਮਾਜ ਵਿੱਚ ਔਰਤ ਦਾ ਸਥਾਨ ਵੀ ਬਹੁਤ ਕਰੁਣਾਮਈ ਰਿਹਾ ਹੈ। ਔਰਤ ਦੇ ਉਥਾਨ ਵਿੱਚ 'ਮੁੱਖ ਧਾਰਾ' ਅਤੇ ਦਲਿਤ ਧਾਰਾ ਦਾ ਕੀ ਰੋਲ ਰਿਹਾ ਇਹ ਵੀ ਵਾਚਣਯੋਗ ਹੈ। ਪੁਰਾਤਨ ਦਲਿਤ ਸਾਹਿਤ ਦੇ ਸਮੇਂ ਵਿੱਚ ਔਰਤ ਦੀ ਸਥਿਤੀ ਬਹੁਤ ਹੀ ਮਾੜੀ ਰਹੀ ਹੈ। ਉਸ ਨੂੰ ਪੈਰ ਦੀ ਜੁੱਤੀ, ਕੁਲਟਾ, ਗੁੱਤ ਪਿੱਛੇ ਮੱਤ ਵਾਲੀ, ਵਿਭਚਾਰਨ, ਕਾਮ ਭੋਗਣ ਦੀ ਵਸਤੂ ਸਮਝਿਆ ਜਾਂਦਾ ਸੀ। ਇੱਕ 'ਮਹਾਂਕਵੀ' ਨੇ ਤਾਂ ਨਾਰੀ ਨੂੰ ਤੇ ਸ਼ੂਦਰ ਨੂੰ ਪਸ਼ੂਆਂ ਬਰਾਬਰ ਹੀ ਮੰਨਿਆ ਹੈ:-

ਸ਼ੂਦਰ, ਢੋਲ, ਪਸ਼ੂ ਅਰ ਨਾਰੀ
ਯੇ ਸਭ ਤਾੜਨ ਕੇ ਅਧਿਕਾਰੀ।

ਕੀ ਇਹ ਸਾਹਿਤ ਹੈ? ਕੀ ਇਹ ਧਰਮ ਹੈ? ਕੀ ਇਹ ਮਨੁੱਖੀ ਹਿਤ ਦੀ ਭਾਵਨਾ ਹੈ? ਨਹੀਂ ਇਹ ਮਨੁੱਖਾਂ ਨਾਲ਼ ਜ਼ੁਲਮ ਕਰਨ ਦੀ ਬਿਰਤੀ ਹੈ।

ਪਰ ਗੁਰੂ ਨਾਨਕ ਨੇ ਨਾਰੀ ਜਾਤੀ ਦੀ ਅਸਲ ਸਥਿਤੀ ਸਮਝਦਿਆਂ ਇਸਦੇ ਹੱਕ ਵਿੱਚ ਅਵਾਜ਼ ਬੁਲੰਦ ਕਰਦਿਆਂ "ਸੋ ਕਿਉਂ ਮੰਦਾ ਆਖੀਐ ਜਿਤ ਜੰਮੇ ਰਾਜਾਨ" ਕਿਹਾ ਕਿ ਰਾਜਿਆਂ ਮਹਾਰਾਜਿਆਂ ਦੀ ਜਨਮਦਾਤੀ ਕਿਵੇਂ ਮਾੜੀ ਹੋ ਸਕਦੀ ਹੈ? ਡਾ. ਅੰਬੇਡਕਰ ਨੇ ਵੀ ਆਪਣੇ ਸੰਘਰਸ਼ ਵਿੱਚ ਨਾਰੀ ਅਧਿਕਾਰਾਂ ਨੂੰ ਵਿਸ਼ੇਸ਼ ਤੌਰ 'ਤੇ ਸ਼ਾਮਲ ਕੀਤਾ ਅਤੇ ਉਸ ਨੂੰ ਪ੍ਰਚੱਲਤ ਗਲਤ ਸੱਭਿਆਚਾਰ ਤੋਂ ਮੁਕਤੀ ਦੁਆ ਕੇ ਮਰਦ ਦੇ ਬਰਾਬਰ ਖੜ੍ਹਾ ਕੀਤਾ।




ਡਾ. ਅੰਬੇਡਕਰ ਦਾ ਮੰਨਣਾ ਸੀ ਕਿ ਔਰਤ ਦੀ ਬਰਾਬਰੀ ਤੇ ਆਜ਼ਾਦੀ ਤੋਂ ਬਿਨਾਂ ਕਿਸੇ ਕੌਮ ਜਾਂ ਦੇਸ਼ ਦੀ ਆਜ਼ਾਦੀ ਅਧੂਰੀ ਹੈ। ਇਹ ਡਾ. ਅੰਬੇਡਕਰ ਦੀ ਸੋਚ ਸਕਦਾ ਹੀ ਹੈ ਕਿ ਔਰਤ ਉੱਚੇ ਤੋਂ ਉੱਚੇ ਅਹੁਦੇ ਅਤੇ ਸਥਾਨ 'ਤੇ ਪਹੁੰਚਣ ਦੇ ਕਾਬਲ ਹੋਈ। ਨਤੀਜੇ ਵਜੋਂ ਨਾਰੀ ਸਮੱਸਿਆ, ਨਾਰੀ ਉਤਪੀੜਨ ਵੀ ਨਾਰੀ ਜਾਗਰਣ ਬਣਕੇ ਦਲਿਤ ਸਾਹਿਤ ਦਾ ਇੱਕ ਹਿੱਸਾ ਬਣਿਆ। ਦਲਿਤ ਔਰਤ ਨੂੰ ਤਾਂ ਦੂਹਰੀ ਤੀਹਰੀ ਗੁਲਾਮੀ ਸਹਿਣ ਪਈ। ਦਲਿਤ ਮਨੁੱਖ ਆਪ ਗੁਲਾਮੀ ਤੋਂ ਵੀ ਭੈੜੀ ਵਿਵਸਥਾ ਭੁਗਤਦਾ ਰਿਹਾ ਹੈ ਫਿਰ ਦਲਿਤ ਨਾਰੀ ਗੁਲਾਮ ਦਲਿਤ ਦੀ ਨਾਰੀ ਬਣਕੇ ਅੱਗੋਂ ਉਸਦੀ ਗੁਲਾਮੀ ਭੁਗਤਦੀ ਰਹੀ ਹੈ। ਦੋ ਮੁੱਠ ਪੱਠਿਆਂ ਖ਼ਾਤਰ ਜਿੰਮੀਦਾਰ ਕੋਲ ਆਪਣੀ ਇੱਜ਼ਤ ਆਬਰੂ ਰੋਲਣ ਦਾ ਖ਼ਤਰਾ ਸਹੇੜਦੀ ਰਹੀ ਹੈ ਤੇ ਸੰਘਰਸ਼ ਕਰਦੀ ਰਹੀ ਹੈ। ਇਹ ਸਭ ਕੁੱਝ ਦਲਿਤ ਸਾਹਿਤ ਦਾ ਹਿੱਸਾ ਬਣਿਆ। ਸੰਤ ਰਾਮ ਉਦਾਸੀ ਮਜ਼ਦੂਰ ਔਰਤ ਦੇ ਅਰਮਾਨ ਅਤੇ ਤਰਾਸਦੀ ਇੰਜ ਬਿਆਨ ਕਰਦਾ ਹੈ:-

ਰੀਝਾਂ ਨਾਲ ਚੜ੍ਹਾਈਆਂ,
ਲੈ ਕੇ ਦਿਲ ਵਿੱਚ ਕਈ ਉਮੰਗਾਂ
ਨਾ ਛਣਕਾਈਆਂ, ਨਾ ਚਾਅ ਲੱਥਾ,
ਨਾ ਹੀ ਲੱਥੀਆਂ ਸੰਗਾਂ।
ਸ਼ਿਖ਼ਰ ਦੁਪਹਿਰੇ ਸੜਕ ਕਿਨਾਰੇ,
ਤਿੜ ਤਿੜ ਕਰਕੇ ਟੁੱਟੀਆਂ,
ਮਜ਼ਦੂਰ ਕੁੜੀ ਦੀਆਂ ਵੰਗਾਂ।

### 3. ਸਮਕਾਲੀ ਸਾਹਿਤ ਕਾਲ

ਅਜੋਕਾ ਜਾਂ ਸਮਕਾਲੀ ਸਾਹਿਤ ਜਿੱਥੇ ਮਾਰਕਸਵਾਦ ਨਾਲ ਲਬਰੇਜ਼ ਹੈ ਉੱਥੇ ਇਸਨੇ ਅੰਬੇਡਕਰਵਾਦ ਦਾ ਪ੍ਰਭਾਵ ਵੀ ਵੱਡੀ ਪੱਧਰ 'ਤੇ ਕਬੂਲਿਆ ਹੈ। ਮਾਰਕਸਵਾਦ ਦਾ ਸਮਾਂ 1940 ਤੋਂ 1980 ਤੱਕ ਜ਼ਿਆਦਾ ਰਿਹਾ। ਇਸ ਤੋਂ ਬਾਅਦ 1980 ਤੋਂ 1990 ਤੱਕ ਪੰਜਾਬ ਦੇ ਅੰਦਰੂਨੀ ਹਾਲਾਤ ਬਹੁਤ ਮਾੜੇ ਰਹੇ ਜਿਸਦਾ ਸਾਹਿਤ ਵਿੱਚ ਤਿੱਖਾ ਅਸਰ ਹੋਇਆ। ਇਸੇ ਸਮੇਂ ਵਿੱਚ ਕਾਂਸ਼ੀ ਰਾਮ ਵੱਲੋਂ ਦਲਿਤਾਂ ਦੇ ਉਥਾਨ ਲਈ ਫੂਲੇ-ਅੰਬੇਡਕਰ ਲਹਿਰ ਚਲਾਈ ਗਈ ਜਿਸਨੇ ਦਲਿਤਾਂ ਵਿੱਚ ਡਾ. ਅੰਬੇਡਕਰ ਦੇ ਫਲਸਫ਼ੇ ਦੀ ਜਾਣ ਪਛਾਣ ਕਰਾਈ ਅਤੇ ਸ਼ਿਖਰ 'ਤੇ ਪਹੁੰਚਾਇਆ, ਜਿਸ ਪ੍ਰਤੀ ਲੋਕਾਂ ਵੱਲੋਂ ਬਹੁਤ ਵੱਡਾ ਹੁੰਗਾਰਾ ਵੀ ਭਰਿਆ ਗਿਆ। ਇਸੇ ਸਮੇਂ ਅੰਬਡੇਕਰਵਾਦੀ ਕੁੱਝ ਨਵੇਂ ਦਲਿਤ ਲੇਖਕ ਸਾਹਮਣੇ ਆਏ ਅਤੇ ਕਈ ਪੁਰਾਣੇ ਮਾਰਕਸਵਾਦੀ ਲੇਖਕ ਕੁਝ ਅੱਧੇ ਪਚੱਧੇ ਤੇ ਕੁਝ ਪੂਰੇ ਦੇ ਪੂਰੇ ਇਸ ਲਹਿਰ ਦੀ ਉਪਜ ਕਹੇ ਜਾ ਸਕਦੇ ਹਨ। 1990 ਤੋਂ ਬਾਅਦ ਤਾਂ ਹੜ੍ਹ ਜਿਹਾ ਹੀ ਆ ਗਿਆ। ਜਿੰਨ੍ਹਾਂ ਨੇ ਅੰਬੇਡਕਰਵਾਦ ਦਾ ਪ੍ਰਭਾਵ ਕਬੂਲਿਆ ਉਹਨਾਂ ਵਿੱਚ ਪ੍ਰੋ. ਗੁਰਨਾਮ ਸਿੰਘ ਮੁਕਤਸਰ, ਡਾ: ਗੁਰਮੀਤ ਕੱਲਰ ਮਾਜਰੀ, ਬਲਬੀਰ ਮਾਧੋਪੁਰੀ, ਬਲਵੀਰ ਪਰਵਾਨਾ, ਮਦਨ ਵੀਰਾ, ਮੋਹਨ ਤਿਆਗੀ ਵੱਡੀ ਪੱਧਰ 'ਤੇ ਉੱਭਰ ਕੇ ਸਾਹਮਣੇ ਆਏ। ਇਨ੍ਹਾਂ ਤੋਂ ਇਲਾਵਾ ਸੰਤੋਖ ਸਿੰਘ ਸੁੱਖੀ, ਸੰਧੂ ਵਰਿਆਣਵੀ, ਸਾਗਰ ਸਿੰਘ ਸਾਗਰ, ਲਸ਼ਮੀਰ ਰਾਇ, ਹਾਕਮ ਸਿੰਘ ਨੂਰ, ਜੈ ਪਾਲ, ਹਰਵਿੰਦਰਪਾਲ ਸਿੰਘ, ਸੋਹਣ ਸਹਿਜਲ, ਸਤਪਾਲ ਸਾਹਲੋਂ, ਸ਼੍ਰੀ ਰਾਮ ਅਰਸ਼, ਜਗਰੂਪ ਸਿੰਘ ਰੂਪ, ਹਰਨੇਕ ਕਲੇਰ, ਬੀ. ਐਸ. ਰਤਨ, ਬੂਟਾ ਸਿੰਘ ਅਸ਼ਾਂਤ ਸਮੇਤ ਕਿੰਨੇ ਹੀ ਕਵੀ ਅੰਬੇਡਕਰੀ ਨਜ਼ਰੀਏ ਤੋਂ ਦਲਿਤਾਂ ਦਾ ਦੁੱਖ ਅਤੇ ਪੱਖ ਬਿਆਨ ਕਰਨ ਲਈ ਮੈਦਾਨ ਵਿੱਚ ਆਏ ਅਤੇ ਹੁਣ ਤੱਕ ਇਸ ਨਜ਼ਰੀਏ ਤੋਂ ਕਵਿਤਾ ਕਹਿ ਰਹੇ ਹਨ।

ਪ੍ਰੋ. ਗੁਰਨਾਮ ਸਿੰਘ ਮੁਕਤਸਰ ਦਾ ਕਾਵਿ ਸੰਗ੍ਰਹਿ 'ਬਘਿਆੜ', ਗੁਰਮੀਤ ਕੱਲਰ ਮਾਜਰੀ ਦਾ 'ਮੇਰੇ ਪੁਰਖੇ', ਮਦਨ ਵੀਰੇ ਦੀ 'ਨਾਬਰਾਂ ਦੀ ਇਬਾਰਤ' ਅਤੇ 'ਖਾਰਾ ਪਾਣੀ' ਨਿਰੋਲ ਇਸੇ ਨਜ਼ਰੀਏ ਤੋਂ ਲਿਖੀਆਂ ਬਹੁਤ ਉੱਚ ਪੱਧਰੀ ਕਾਵਿ ਪੁਸਤਕਾਂ ਹਨ। ਇਹਨਾਂ ਵਿਚਲੀਆਂ ਕਵਿਤਾਵਾਂ ਦੇ ਕੁਝ ਨਮੂਨੇ ਪੇਸ਼ ਹਨ:-

ਉਸ ਨੂੰ ਪਤਾ ਸੀ ਕਿ
ਉਹ ਸਰਾਪੇ ਸਮਿਆਂ ਦਾ
ਛੇਕਿਆ ਹੋਇਆ ਛਿਣ ਸੀ
ਮਾੜਾ ਪਹਿਰ ਸੀ
ਜਿਹਦੇ ਲਈ ਮਨੁੱਖੀ ਜਾਤਾਂ
ਨਰਕ ਵਰਗੀ ਜੂਨ ਸੀ
ਹੱਡ ਮਾਸ ਦਾ ਇੱਕ ਬੰਦਾ
ਬੁੱਧ ਸਿੰਘ ਤੋਂ ਬੁੱਧੂ ਮਜ਼ਬੀ
ਮਜ਼ਬੀ ਤੋਂ ਪੰਚਮ
ਪੰਚਮ ਤੋਂ ਦਲਿਤ
(ਮਦਨ ਵੀਰਾ)

-------------

ਅੱਜ ਜੋ ਢੱਠੇ ਪਏ ਨੇ
ਇਹ ਵੀ ਨਾਗਾਂ ਦੇ ਜਾਏ ਨੇ
ਅਖੌਤੀ ਮਾਂਦਰੀਆਂ ਨੇ
ਜੋ ਪਟਾਰੀ ਵਿੱਚ ਪਾਏ ਨੇ
ਕਦੇ ਜੇ ਸੁਰਤ ਵਿੱਚ ਪਰਤੇ
ਕਦੇ ਜੇ ਹੋਸ਼ ਵਿੱਚ ਆਏ
ਇਨ੍ਹਾਂ ਹੀ ਪੂਛੋਂ ਫੜਕੇ ਡੱਕਣਾ
ਫਤਿਹ ਲਈ ਨਿੱਕਲੇ ਅਸ਼ਵਮੇਧ ਨੂੰ
ਇਹਨਾਂ ਨੇ ਜਾਨਣਾ ਫਿਰ
'ਦਿਨ ਕਟੀ' ਤੇ 'ਜ਼ਿੰਦਗੀ' ਦੇ
ਅਸਲ ਭੇਦ ਨੂੰ।
(ਖਾਰਾ ਪਾਣੀ--ਵੀਰਾ)

-------------

ਪਤਾ ਨਹੀਂ ਕਿਉਂ
ਸਦੀਆਂ ਤੋਂ ਵਗਾਰ ਕਰਦਿਆਂ
ਮੋਏ ਪਸ਼ੂ ਢੋਂਦਿਆਂ
ਏਕਲਵਿਆ ਦੀ ਕੁਲ ਦੇ
ਚਿਰਾਗ਼ਾਂ ਲਈ
ਮੈਂ ਲੜਨਾ ਚਾਹੁੰਦਾ ਹਾਂ। (ਡਾ. ਕੱਲਰ ਮਾਜਰੀ)

------------

ਇਹ ਕਵਿਤਾ ਨਹੀਂ
ਇਕਲਵਿਆ ਦੇ ਕੱਟੇ ਅੰਗੂਠੇ ਦਾ
ਦਰਦ ਹੈ
ਸ਼ੰਬੂਕ ਦੀ ਮੁਕਤੀ ਲਈ ਕੀਤੇ
ਸੰਘਰਸ਼ ਦਾ ਕਰਜ਼ ਹੈ।
(ਡਾ. ਗੁਰਮੀਤ ਕੱਲਰ ਮਾਜਰੀ)

-------------

ਭੁੱਖਿਆਂ, ਨੰਗਿਆਂ, ਕੰਗਾਲਾਂ ਦੀਆਂ ਬਸਤੀਆਂ।
ਹਰੀਜਨਾਂ, ਗਿਰੀਜਨਾਂ, ਚੰਡਾਲਾਂ ਦੀਆਂ ਬਸਤੀਆਂ।
ਅਛੂਤਾਂ, ਸਛੂਤਾਂ, ਪੰਚਾਲਾਂ ਦੀਆਂ ਬਸਤੀਆਂ।
ਸ਼ੂਦਰਾਂ, ਅਤੀ ਸ਼ੂਦਰਾਂ, ਗੰਵਾਰਾਂ ਦੀਆਂ ਬਸਤੀਆਂ।
ਭੀਲਾਂ, ਕੋਲਾਂ, ਸੰਥਾਲਾਂ ਦੀਆਂ ਬਸਤੀਆਂ।
ਢੇਡਾਂ, ਨੀਚਾਂ, ਬਤਾਲਾਂ ਦੀਆਂ ਬਸਤੀਆਂ।
(ਪ੍ਰੋ. ਗੁਰਨਾਮ ਸਿੰਘ)

------------

ਉਨ੍ਹਾਂ ਲੋਕਾਂ ਦੇ ਵਿਹੜਿਆਂ ਵਿੱਚ
ਹੁਣੇ ਹੁਣੇ ਇੱਕ ਭੂਚਾਲ ਆਇਆ ਹੈ
ਤੇ ਉਹਨਾਂ ਲੋਕਾਂ ਨੇ ਉਸੇ ਨਸ਼ਤਰ ਨਾਲ
ਆਪਣੇ ਮੱਥਿਆਂ 'ਚ ਇੱਕ ਤੀਜਾ ਨੇਤਰ
ਬਣਾਇਆ ਹੈ। (ਮੋਹਨ ਤਿਆਗੀ)

-------------

ਸਾਡੀ ਹਰ ਨਾੜ ਵਿੱਚ
ਵਿਦਰੋਹ ਹੋਵੇਗਾ
ਸਾਨੂੰ ਹੈ ਪਤਾ
ਕੀ ਹੁੰਦੀ ਹੈ
ਜਾਤੀ ਤੇ ਜਮਾਤੀ ਲੜਾਈ
ਅਸੀਂ ਲੜਾਂਗੇ

***(ਚਲਦਾ)***

# ਸ਼ਹੀਦ ਭਾਈ ਸੰਗਤ ਸਿੰਘ ਯੋਧੇ ਦੀ ਵਿਲੱਖਣ ਬੀਰ ਗਾਥਾ



ਅਵਤਾਰ ਸਿੰਘ ਮਿਸ਼ਨਰੀ
(510-432-5827)

ਗੁਰੂ ਗੋਬਿੰਦ ਸਿੰਘ ਜੀ ਦੀ ਯੁੱਧਨੀਤੀ ਦਾ ਕਮਾਲ-ਗੁਰੂ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦਸੁ ਚਲਾਏ॥ ਰਾਮ ਨਾਮ ਮੰਤੁ ਹਿਰਦੈ ਦੇਵੈ ਨਾਨਕ ਮਿਲਣੁ ਸੁਭਏ॥ (444) ਨੂੰ ਸ਼ਾਖਸ਼ਾਤ ਦਰਸਾਉਣਾ ਅਤੇ ਪੰਚਾਇਤ (ਡੈਮੋਕਰੇਸੀ ਸਿਸਟਮ) ਨੂੰ ਮਹਾਨਤਾ ਦੇਣਾ ਨਾਂ ਕਿ ਪੰਜ ਪੁਜਾਰੀਆਂ ਨੂੰ। ਗੁਰੂ ਸਾਹਿਬ ਜੀ ਦੇ ਸਾਜੇ ਪੰਜ ਪਿਆਰੇ ਸਿੱਖ ਕੌਮ ਦੇ ਭਗਤੀ-ਸ਼ਕਤੀ ਤੇ ਸੰਤ-ਸਿਪਾਹੀ ਸਪ੍ਰਿਟ ਵਾਲੇ ਆਗੂ ਸਨ ਜੋ ਜਾਤਾਂ-ਪਾਤਾਂ, ਬਰਾਦਰੀਆਂ ਅਤੇ ਇਲਾਕਾਵਾਦ ਤੋਂ ਮੁਕਤ ਸਨ ਜਿਨ੍ਹਾਂ ਦੀ ਚੋਣ ਗੁਰੂ ਜੀ ਨੇ ਗੁਣਾਂ ਦੇ ਅਧਾਰ ਤੇ ਕੀਤੀ ਸੀ ਅੱਜ ਅਸੀਂ ਇਸ ਸਿਧਾਂਤ ਨੂੰ ਪੁਜਾਰੀ ਪ੍ਰੰਪਰਾ ਬਣਾ ਦਿੱਤਾ ਹੈ। ਯਾਦ ਰਹੇ ਕਿ ਗੁਰੂ ਨਾਨਕ ਸਾਹਿਬ ਜੀ ਨੇ ਸਿੱਖ ਧਰਮ ਦੀ ਪ੍ਰਾਰੰਭਤਾ ਵੇਲੇ ਹੀ ਜਿੱਥੇ ਹੋਰ ਸਮਾਜਿਕ ਬੁਰਾਈਆਂ ਦੇ ਵਿਰੋਧ ਵਿੱਚ ਇਨਕਲਾਬ ਲਿਆਂਦੇ ਭਾਵ ਜਾਤਾਂ-ਪਾਤਾਂ ਦੇ ਭੇਦ-ਭਾਵ ਨੂੰ ਮਿਟਾ ਕੇ ਪੰਗਤ ਅਤੇ ਸੰਗਤ ਵਿੱਚ-ਏਕੁ ਪਿਤਾ ਏਕਸ ਕੇ ਹਮ ਬਾਰਿਕ॥(611) ਦੇ ਸਿਧਾਂਤ ਨੂੰ ਪ੍ਰਗਟ ਕਰ ਦਿੱਤਾ ਸੀ ਓਥੇ ਬਾਕੀ ਗੁਰੂ ਵੀ ਇਨ੍ਹਾਂ ਸਿਧਾਂਤਾਂ ਨੂੰ ਪ੍ਰਚਾਰਦੇ ਰਹੇ। ਜਦੋਂ ਗੁਰੂ ਰਾਮਦਾਸ ਜੀ ਨੇ ਗੁਰੂ ਕਾ ਚੱਕ (ਅੰਮ੍ਰਿਤਸਰ) ਵਸਾਇਆ ਤਾਂ ਗੁਰੂ-ਦਰਸ਼ਨਾਂ ਅਤੇ ਗੁਰ-ਸੇਵਾ ਲਈ ਕੁਝ ਸਿੱਖਾਂ ਦੇ ਪ੍ਰਵਾਰ ਵੀ ਆਇਆ ਕਰਦੇ ਸਨ ਜਿਨ੍ਹਾਂ ਵਿੱਚੋਂ ਕੱਪੜਾ ਬੁਣਕਰ (ਜੁਲਾਹਾ) ਕਿਰਤ ਨਾਲ ਸੰਬੰਧਤ ਭਾਈ ਜਰਨੈਲ ਜੀ ਦਾ ਪਰਿਵਾਰ ਵੀ ਸੀ। ਗੁਰੂ ਰਾਮਦਾਸ ਜੀ ਨੇ ਜਾਤਾਂ-ਪਾਤਾਂ ਵਾਲੀ ਮਾਨਸਿਕਤਾ ਨੂੰ ਆਪਣੀ ਸਿੱਖ ਸੰਗਤ ਵਿੱਚੋਂ ਹਮੇਸ਼ਾ ਵਾਸਤੇ ਦੂਰ ਕਰਨ ਲਈ ਇੱਕ ਦਿਨ ਧਾਰਮਿਕ ਦੀਵਾਨ ਦੀ ਸਮਾਪਤੀ ਤੋਂ ਬਾਅਦ ਭਾਈ ਜਰਨੈਲ ਜੀ ਅਤੇ ਉਨ੍ਹਾਂ ਨਾਲ ਆਈ ਸੰਗਤ ਦੀ ਸੇਵਾ ਤੋਂ ਅਤੀ ਪ੍ਰਸੰਨ ਹੋ ਕੇ ਆਪਣੇ ਪਾਸ ਬੁਲਾ ਸਿਰੋਪਾਓ ਦੀ ਬਖਸ਼ਿਸ਼ ਕੀਤੀ। ਜਦੋਂ ਗੁਰੂ ਅਰਜਨ ਸਾਹਿਬ ਜੀ ਦੀ ਅਦੁੱਤੀ ਸ਼ਹੀਦੀ ਤੋਂ ਬਾਅਦ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੀਰੀ-ਪੀਰੀ ਧਾਰਨ ਕਰਕੇ, ਇੱਕ ਗਸ਼ਤੀ ਹੁਕਮਨਾਮਾ ਸੰਗਤਾਂ ਪ੍ਰਤੀ ਲਿਖ ਭੇਜਿਆ ਜਿਸ ਵਿੱਚ ਉਨ੍ਹਾਂ ਆਪਣੇ ਸਿੱਖ ਸੇਵਕਾਂ ਵੱਲੋਂ ਹੋਰ ਤੋਹਫ਼ਿਆਂ ਦੀ ਥਾਵੇਂ ਸ਼ਸਤਰ ਅਤੇ ਘੋੜਿਆਂ ਦੀ ਮੰਗ ਕੀਤੀ ਤੇ ਨਾਲ ਹੀ ਹਥਿਆਰਬੰਦ ਹੋਣ ਦਾ ਸੱਦਾ ਦਿੱਤਾ, ਉਦੋਂ ਹੁਕਮਨਾਮੇ ਨੂੰ ਸੁਣ ਕੇ ਜਿੱਥੇ ਦੇਸ਼ ਦੇ ਕੋਨੇ-ਕੋਨੇ ਤੋਂ ਸਿੱਖ ਸੰਗਤਾਂ ਵਹੀਰਾਂ ਘੱਤ ਆਈਆਂ ਉੱਥੇ ਦੁਆਬੇ-ਮਾਲਵੇ ਦੇ ਸੂਰਬੀਰ ਯੋਧਿਆਂ ਨੇ ਗੁਰੂ ਸਾਹਿਬ ਪਾਸ ਆਪਣੀਆਂ ਸੇਵਾਵਾਂ ਪੇਸ਼ ਕਰਦੇ ਹੋਏ ਬੇਨਤੀ ਕੀਤੀ-ਸੱਚੇ ਪਾਤਸ਼ਾਹ! ਅਸੀਂ ਗਰੀਬ ਆਪ ਜੀ ਦੀ ਸ਼ਰਨ ਆਏ ਹਾਂ। ਸਾਡੇ ਕੋਲ ਭੇਟਾ ਕਰਨ ਲਈ ਕੁਝ ਵੀ ਪਦਾਰਥ ਮਾਇਆ ਨਹੀਂ, ਅਸੀਂ ਕੇਵਲ ਆਪਣੀਆਂ ਜਾਨਾਂ ਹੀ ਭੇਟ ਕਰ ਸਕਦੇ ਹਾਂ, ਕਿਰਪਾ ਕਰੋ, ਸਾਨੂੰ ਆਪਣੀ ਫੌਜ ਵਿੱਚ ਰੱਖ ਲਵੋ-

ਹਮ ਅਨਾਥ ਸਿਰ ਭੇਟਾ ਕੀਨੇ, ਦਯਾ ਕਰਯੋ ਇਉਂ ਕਹਿ ਦੀਨੇ॥

ਇਨ੍ਹਾਂ ਵਿੱਚ ਹੀ ਦੁਆਬੇ ਦੇ ਜਲੰਧਰ ਦੇ ਲਾਗਲੇ ਪਿੰਡ ਜੰਡੂ ਸਿੰਘਾ, ਫਗਵਾੜਾ, ਗੁਰਾਇਆਂ, ਹੁਸ਼ਿਆਰਪੁਰ ਦੇ ਅਨੇਕਾਂ ਸਿੰਘ ਸ਼ਾਮਲ ਸਨ। ਜੰਡੂ ਸਿੰਘਾ ਦੇ ਭਾਈ ਬੁੱਧਾ ਤੇ ਸੁੱਧਾ ਜੀ ਸਮੇਤ ਸਪਰੌੜ ਖੇੜੀ ਦੇ ਭਾਈ ਭਾਨੂੰ ਜੀ ਵੀ ਸ਼ਾਮਲ ਹੋਏ ਜੋ ਭਾਈ ਸੰਗਤ ਸਿੰਘ ਜੀ ਦੇ ਦਾਦਾ ਜੀ ਸਨ ਜਿਨ੍ਹਾਂ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਨਾਲ ਜੰਗਾਂ-ਯੁੱਧਾਂ ਵਿੱਚ ਸ਼ਾਮਲ ਹੋ ਕੇ ਆਪਣੀ ਬਹਾਦਰੀ ਦੇ ਜੌਹਰ ਦਿਖਾਏ ਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਵੱਲੋਂ ਲੜੀਆਂ ਚੌਹਾਂ ਜੰਗਾਂ ਵਿੱਚ ਸ਼ਾਮਲ ਸਨ। ਜਦੋਂ ਭਾਈ ਮੱਖਣ ਸ਼ਾਹ ਨੇ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਬਾਬਾ ਬਕਾਲਾ ਵਿਖੇ ਆ ਕੇ ਲੱਭ ਲਿਆ ਤਾਂ ਸਭ ਤੋਂ ਪਹਿਲਾਂ ਭਾਈ ਰਣੀਆ ਜੀ ਗੁਰੂ-ਦਰਸ਼ਨਾਂ ਲਈ ਬਾਬੇ ਬਕਾਲੇ ਪਹੁੰਚੇ ਕਿਉਂਕਿ ਬਚਪਨ ਤੋਂ ਹੀ ਗੁਰੂ-ਸੇਵਾ ਦੀ ਚੇਟਕ ਲੱਗਣ ਕਰਕੇ ਗੁਰੂ ਸਾਹਿਬ ਦੇ ਪਰਵਾਰ ਦੀ ਸੇਵਾ ਵਿੱਚ ਜੁੱਟ ਗਏ। ਗੁਰੂ ਸਾਹਿਬ ਨੇ ਭਾਈ ਰਣੀਆ ਜੀ ਨੂੰ ਮੁੜ ਮਾਖੋਵਾਲ ਵਸਾਉਣ ਦੀ ਗੱਲ ਕਰਕੇ, ਕੁਝ ਸਮੇਂ ਦੀ ਛੁੱਟੀ ਉਪ੍ਰੰਤ ਮੁੜ ਮਾਖੋਵਾਲ ਆਉਣ ਲਈ ਕਹਿ ਦਿੱਤਾ।

19 ਜੂਨ, 1665 ਮੁਤਾਬਿਕ 21 ਹਾੜ, 1722 ਬਿਕ੍ਰਮੀ ਨੂੰ ਬਾਬਾ ਬੁੱਢਾ ਜੀ ਦੇ ਪੋਤਰੇ ਬਾਬਾ ਗੁਰਦਿੱਤਾ ਜੀ ਪਾਸੋਂ ਨੀਂਹ ਰਖਾ ਕੇ ਗੁਰੂ ਜੀ ਨੇ ਆਪਣੀ ਮਾਤਾ ਨਾਨਕੀ ਜੀ ਦੇ ਨਾਂ ਪਰ ਇਸ ਸ਼ਹਿਰ ਦਾ ਨਾਮ "ਚੱਕ ਨਾਨਕੀ" ਰੱਖਿਆ। ਦੂਰੋਂ-ਨੇੜਿਓਂ ਆ ਕੇ ਸੰਗਤਾਂ ਇੱਥੇ ਵੱਸ ਗਈਆਂ। ਭਾਈ ਰਣੀਆ ਜੀ ਵੀ ਆਪਣੀ ਸੁਪਤਨੀ ਤੇ ਪ੍ਰਵਾਰ ਸਮੇਤ ਇਥੇ ਆ, ਸੇਵਾ ਵਿੱਚ ਜੁੱਟ ਗਏ। ਜਦੋਂ ਗੁਰੂ ਤੇਗ ਬਹਾਦਰ ਸਾਹਿਬ ਨੇ ਗੁਰੂ ਨਾਨਕ ਸਾਹਿਬ ਜੀ ਦੇ ਉਪਦੇਸ਼ਾਂ ਨੂੰ ਘਰ-ਘਰ ਪਹੁੰਚਾਉਣ ਲਈ ਪ੍ਰਚਾਰ ਦੌਰੇ ਅਰੰਭੇ ਉਸ ਵੇਲੇ ਕੁਝ ਗਿਣੇ-ਚੁਣੇ ਸਿੱਖ ਸੇਵਕਾਂ ਦਾ ਛੋਟਾ ਜਿਹਾ ਕਾਫ਼ਲਾ ਗੁਰੂ ਸਾਹਿਬ ਨਾਲ ਹੋ ਤੁਰਿਆ। ਜਿਨ੍ਹਾਂ ਵਿੱਚ ਭਾਈ ਰਣੀਆ, ਆਪਣੀ ਸੁਪਤਨੀ ਬੀਬੀ ਅਮਰੋ ਸਮੇਤ ਯਾਤਰਾ ਵਿੱਚ ਸ਼ਾਮਲ ਹੋ ਗਏ। ਮਾਲਵੇ ਦੇਸ਼ ਦੇ ਬਾਂਗਰ ਇਲਾਕੇ 'ਚ ਪ੍ਰਚਾਰ ਕਰਦੇ ਹੋਏ ਗੁਰੂ ਤੇਗ ਬਹਾਦਰ ਸਾਹਿਬ ਜੀ ਵੱਖ-ਵੱਖ ਥਾਵਾਂ ਤੋਂ ਹੁੰਦੇ ਹੋਏ ਸੰਗਤਾਂ ਸਮੇਤ ਪਟਨਾ ਸਾਹਿਬ ਪੁੱਜੇ। ਇੱਥੇ ਹੀ ਬਾਲ ਗੋਬਿੰਦ ਰਾਏ ਜੀ ਦੇ ਜਨਮ 22 ਦਸੰਬਰ, 1666 ਈ. (ਯੂਲੀਅਨ) ਦੇ ਪ੍ਰਕਾਸ਼ ਤੋਂ 4 ਮਹੀਨੇ ਦੇ ਫ਼ਰਕ ਨਾਲ ਭਾਵ 25 ਅਪ੍ਰੈਲ, 1667 ਈ. (ਯੂਲੀਅਨ) ਨੂੰ ਭਾਈ ਸੰਗਤਾ ਜੀ ਨੇ ਭਾਈ ਰਣੀਆ ਤੇ ਬੀਬੀ ਅਮਰੋ ਜੀ ਦੇ ਗ੍ਰਿਹਿ ਵਿਖੇ ਜਨਮ ਲਿਆ। ਇਨ੍ਹਾਂ ਦੀ ਸ਼ਕਲ ਗੁਰੂ ਸਾਹਿਬ ਨਾਲ ਇੰਨੀ ਮਿਲਦੀ-ਜੁਲਦੀ ਸੀ ਕਿ ਇੱਕ ਵਾਰੀ "ਰਾਣੀ ਮੈਣੀ" ਦੇ ਘਰ ਰਾਣੀ ਨੂੰ ਭੁਲੇਖਾ ਪਾਉਣ ਲਈ ਆਪਣੀ ਥਾਂ "ਬਾਲ ਸੰਗਤੇ" ਨੂੰ ਅੱਗੇ ਕਰ ਦਿੱਤਾ ਪ੍ਰੰਤੂ ਰਾਣੀ ਮੈਣੀ ਨੇ ਗੋਦੀ ਵਿੱਚ ਬਿਠਾ ਦੋਹਾਂ ਦਾ ਮਸਤਕ ਚੁੰਮਦੇ ਕਿਹਾ ਕਿ ਤੁਸੀਂ ਦੋਵੇਂ ਹੀ ਮੇਰੇ ਪਿਆਰੇ ਪੁੱਤਰ ਹੋ। ਬਾਲ ਸੰਗਤਾ ਜੀ ਗੋਬਿੰਦ ਰਾਏ ਤੋਂ ਸਿਰਫ਼ ਚਾਰ ਕੁ ਮਹੀਨੇ ਛੋਟੇ ਹੋਣ ਕਰਕੇ ਹਰ ਵਕਤ ਨਾਲ ਹੀ ਵਿਚਰਦੇ ਸਨ। ਕਈ ਵਾਰ ਬਾਲਾ-ਪ੍ਰੀਤਮ ਨਕਲੀ ਲੜਾਈ ਕਰਨ ਹਿੱਤ ਦੋ ਟੋਲੀਆਂ ਬਣਾ ਇਕ ਟੋਲੀ ਦਾ ਆਗੂ ਆਪ ਬਣਦੇ ਤੇ ਦੂਜੀ ਟੋਲੀ ਦਾ ਆਗੂ ਸੰਗਤਾ ਜੀ ਨੂੰ ਬਣਾ ਨਕਲੀ ਲੜਾਈ ਕਰਦੇ। ਇਸ ਤਰ੍ਹਾਂ ਬਚਪਨ ਤੋਂ ਹੀ ਸਾਥੀ ਹਾਣੀਆਂ ਨਾਲ ਯੁੱਧ ਕਰਨ ਦੀ ਤਿਆਰੀ ਹੋਣ ਲੱਗ ਪਈ ਸੀ। ਛੇ ਸਾਲ ਦੀ ਉਮਰ ਵਿੱਚ ਜਦੋਂ ਬਾਲ ਗੋਬਿੰਦ ਰਾਏ ਜੀ ਨੂੰ ਗੁਰੂ-ਪਿਤਾ ਦੇ ਹੁਕਮ ਸਦਕਾ ਪ੍ਰਵਾਰ ਸਮੇਤ "ਚੱਕ ਨਾਨਕੀ" ਵਾਪਸ ਬੁਲਾਇਆ, ਉਸ ਵਕਤ ਹੋਰ ਸੰਗਤਾਂ ਸਮੇਤ ਬਾਲ ਸੰਗਤਾ ਵੀ ਆਪਣੇ ਮਾਤਾ-ਪਿਤਾ ਸਮੇਤ ਚੱਕ ਨਾਨਕੀ (ਅਨੰਦਪੁਰ ਸਾਹਿਬ) ਵਾਪਸ ਆ ਗਏ।

ਗੁਰਤਾ-ਗੱਦੀ ਮਿਲਣ ਤੋਂ ਬਾਅਦ ਖਾਲਸਾ ਪੰਥ ਦੀ ਸਾਜਣਾ ਤੱਕ ਯਾਨੀ ਕਿ 1675 ਤੋਂ ਲੈ ਕੇ 1699 ਤਕ ਦੇ 23-24 ਸਾਲਾਂ ਦੇ ਅਨੇਕਾਂ ਪ੍ਰਕਾਰ ਦੇ ਕਾਰਜ ਗੁਰੂ ਨਾਨਕ ਮਿਸ਼ਨ ਪੂਰਤੀ ਹਿੱਤ ਕੀਤੇ ਗਏ, ਜਿਨ੍ਹਾਂ ਵਿੱਚ ਜਬਰ-ਜ਼ੁਲਮ ਨੂੰ ਠੱਲ੍ਹ ਪਾਉਣ ਹਿੱਤ, ਦੁਸ਼ਟਾਂ ਦਾ ਖਾਤਮਾ ਕਰਨ ਲਈ ਜੰਗ-ਯੁੱਧ ਵੀ ਕਰਨੇ ਪਏ। ਜਿੱਥੇ ਭਾਈ ਸੰਗਤਾ ਜੀ ਨੇ ਦਸਮੇਸ਼ ਪਿਤਾ ਦੇ ਹੁਕਮਾਂ ਨੂੰ ਮੰਨਦੇ ਹੋਏ ਪ੍ਰਚਾਰਕ ਰੂਪ ਵਿੱਚ ਮਾਲਵੇ ਦੇ ਖੇਤਰ ਦੇ ਪਿੰਡ-ਪਿੰਡ ਜਾ ਕੇ ਗੁਰੂ ਨਾਨਕ ਸਾਹਿਬ ਜੀ ਦੇ ਸਿਧਾਂਤਾਂ ਪਰ ਚੱਲਣ ਦੀ ਪ੍ਰੇਰਨਾ ਦਿੱਤੀ ਉੱਥੇ ਗੁਰੂ ਸਾਹਿਬ ਦੀ ਚੌਰ ਬਰਦਾਰੀ, ਮੱਝਾਂ-ਗਾਈਆਂ ਚਾਰੀਆਂ ਅਤੇ ਜੰਗਾਂ-ਯੁੱਧਾਂ ਵਿੱਚ ਗੁਰੂ ਸਾਹਿਬ ਦੀ ਅਸ਼ੀਰਵਾਦ-ਥਾਪੜੇ ਸਦਕਾ ਬਹਾਦਰੀ ਦੇ ਜੌਹਰ ਵੀ ਵਿਖਾਏ।

ਜਦੋਂ ਦਸਮੇਸ਼ ਪਿਤਾ ਨੇ 1699 ਦੀ ਵੈਸਾਖੀ ਵਾਲੇ ਦਿਨ ਗੁਰੂ ਬਾਬਾ ਨਾਨਕ ਸਾਹਿਬ ਜੀ ਦੇ ਚਲਾਏ ਨਿਰਮਲ ਪੰਥ-ਮਾਰਿਆ ਸਿੱਕਾ ਜਗਤ ਵਿਚਿ ਨਾਨਕ ਨਿਰਮਲ ਪੰਥ ਚਲਾਇਆ (ਭਾ. ਗੁ) "ਖਾਲਸਾ ਪੰਥ" ਪ੍ਰਗਟਾਇਆ, ਉਸੇ ਹੀ ਦਿਨ ਭਾਈ ਸੰਗਤਾ ਜੀ ਨੇ ਸਮੇਤ ਪ੍ਰਵਾਰ, ਮਾਤਾ-ਪਿਤਾ, ਭਰਾਵਾਂ, ਇੱਥੋਂ ਤੱਕ ਕਿ ਚਾਚੇ ਦੇ ਪੁੱਤਰਾਂ ਨੇ ਵੀ ਪੰਜਾਂ-ਪਿਆਰਿਆਂ ਤੋਂ ਖੰਡੇ ਦੀ ਪਾਹੁਲ ਪ੍ਰਾਪਤ ਕਰ ਲਈ। ਉਸ ਤੋਂ ਬਾਅਦ ਗੁਰੂ ਜੀ ਨੇ ਭਾਈ ਸੰਗਤ ਸਿੰਘ ਜੀ ਨੂੰ ਪ੍ਰਚਾਰਕ ਨੀਯਤ ਕਰ ਕੇ ਮਾਲਵੇ ਦੇਸ਼ ਦੀ ਸੰਗਤ ਦੇ ਨਾਂ ਇੱਕ ਹੁਕਮਨਾਮਾ ਭੇਜਿਆ, ਜੋ ਭਾਈ ਸਾਹਿਬ ਨੂੰ ਪਿੰਡ ਖੁੰਡੇ ਜੋ ਮੁਕਤਸਰ ਸਾਹਿਬ ਵਿੱਚ ਪੈਂਦਾ ਹੈ, ਮਿਲਿਆ, ਜਿਸ ਵਿੱਚ ਗੁਰੂ ਸਾਹਿਬ ਦਾ ਹੁਕਮ ਸੀ ਕਿ ਜਿਹੜਾ ਸਿੱਖ ਘੋੜਾ, ਤਲਵਾਰ, ਬੰਦੂਕ, ਨੇਜ਼ਾ ਆਦਿ ਹੋਰ ਵੀ ਨਵੀਨ ਸ਼ਸਤਰ ਲੈ ਕੇ ਅਨੰਦਪੁਰ ਸਾਹਿਬ ਆਵੇਗਾ, ਉਹ ਸਿੰਘ ਸਾਡੇ ਪਿਆਰ ਦਾ ਹੱਕਦਾਰ ਹੋਵੇਗਾ। ਇਸ ਹੁਕਮਨਾਮੇ ਦੀ ਅਸਲ ਕਾਪੀ "ਗੁਰਦੁਆਰਾ ਸ਼ਹੀਦ ਭਾਈ ਸੰਗਤ ਸਿੰਘ, ਅਨੰਦਪੁਰ ਸਾਹਿਬ" ਦੇ ਪ੍ਰਬੰਧਕਾਂ ਪਾਸ ਮੌਜੂਦ ਦੱਸੀ ਜਾਂਦੀ ਹੈ। ਬਚਪਨ ਤੋਂ ਹੀ ਆਪ ਜੀ ਵਿੱਚ ਬੀਰਰਸ, ਗੁਰੂਘਰ ਪ੍ਰਤੀ ਸ਼ਰਧਾ ਅਤੇ ਪ੍ਰੇਮ ਕੁੱਟ-ਕੁੱਟ ਕੇ ਭਰਿਆ ਪਿਆ ਸੀ। ਨਾਂ ਤਾਂ ਕਿਸੇ ਤੋਂ ਆਪ ਜੀ ਡਰਦੇ ਹੀ ਸਨ ਅਤੇ ਨਾ ਹੀ ਕਿਸੇ ਨੂੰ ਡਰਾਉਂਦੇ ਸਨ। ਮੌਤ ਦਾ ਡਰ ਉਨ੍ਹਾਂ ਵਿੱਚ ਰੱਤੀ ਭਰ ਵੀ ਨਹੀਂ ਸੀ। ਜਦੋਂ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿੱਚ ਇੱਕ ਪੰਡਤ ਨੇ ਰੋ-ਰੋ ਕੇ ਅਰਜੋਈ ਕੀਤੀ ਕਿ ਗੁਰੂ ਜੀ! ਮੇਰੀ ਘਰਵਾਲੀ ਨੂੰ ਇਕ ਪਠਾਣ ਜ਼ਬਰਦਸਤੀ ਖੋਹ ਕੇ ਰੋਪੜ ਵਾਲੇ ਪਾਸੇ ਲੈ ਗਿਆ ਹੈ ਕ੍ਰਿਪਾ ਕਰੋ ਗਰੀਬ ਨਿਮਾਣੇ-ਨਿਤਾਣੇ ਦੀ ਆਸ ਕੇਵਲ ਗੁਰੂ ਨਾਨਕ ਸਾਹਿਬ ਜੀ ਦਾ ਦਰ-ਘਰ ਹੀ ਹੈ। ਮੇਰੀ ਘਰਵਾਲੀ ਮੈਨੂੰ ਵਾਪਸ ਦਿਵਾਈ ਜਾਵੇ ਜੀ ਤਾਂ ਦਸਮੇਸ਼ ਪਿਤਾ ਜੀ ਨੇ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ ਨੂੰ ਹੁਕਮ ਕੀਤਾ ਕਿ ਤੁਰੰਤ ਕਾਰਵਾਈ ਕਰੋ ਅਤੇ ਉਸ ਬੀਬੀ ਨੂੰ ਪਠਾਣ ਕੋਲੋਂ ਛੁਡਵਾ ਕੇ ਲੈ ਆਓ। ਉਸ ਸਮੇਂ ਸਾਹਿਬਜ਼ਾਦਾ ਅਜੀਤ ਸਿੰਘ ਦੇ ਨਾਲ ਭਾਈ ਸੰਗਤ ਸਿੰਘ ਜੀ ਵੀ ਗਏ ਸਨ। ਸਿੰਘਾਂ ਨੇ ਸਵਾਰ ਹੋ ਕੇ ਘੋੜੇ ਏਨੇ ਤੇਜ਼ ਭਜਾਏ ਕਿ ਕਮਾਲ ਹੀ ਕਰ ਦਿੱਤੀ। ਪਠਾਣ ਅਜੇ ਆਪਣੇ ਘਰ ਦੇ ਲਾਗੇ ਪਹੁੰਚਿਆ ਹੀ ਸੀ ਕਿ ਸਿੰਘਾਂ ਨੇ ਲਲਕਾਰਾ ਮਾਰਿਆ। ਪਠਾਣ ਡਰਦਾ ਘਰ ਵਿੱਚ ਲੁਕ ਗਿਆ ਤੇ ਅੰਦਰੋਂ ਬੂਹਾ ਬੰਦ ਕਰ ਲਿਆ। ਏਧਰ ਖੋਹ ਕੇ ਲਿਆਂਦੀ ਪੰਡਤਾਣੀ ਰੋ-ਰੋ ਕੇ ਵਾਸਤੇ ਪਾ ਰਹੀ ਸੀ। ਸਾਹਿਬਜ਼ਾਦਾ ਅਜੀਤ ਸਿੰਘ ਤੇ ਭਾਈ ਸੰਗਤ ਸਿੰਘ ਨੇ ਉਸ ਬੀਬੀ ਨੂੰ ਹੌਸਲਾ ਦਿੱਤਾ। ਸਿੰਘਾਂ ਨੇ ਪਠਾਣ ਨੂੰ ਪਕੜ ਲਿਆ ਤੇ ਖੂਬ ਸੋਧਾ ਲਾਇਆ। ਜਦੋਂ ਉਸ ਨੂੰ ਪਾਰ (ਖਤਮ) ਕਰਨ ਲਈ ਸਿੰਘਾਂ ਨੇ ਤੇਗ ਉਪਰ ਕੀਤੀ ਤਾਂ ਪਠਾਣ ਦੀ ਘਰਵਾਲੀ ਨੇ ਤਰਲੇ ਪਾਏ, ਮਿੰਨਤਾਂ ਕੀਤੀਆਂ, ਪਠਾਣ ਨੇ ਅੱਗੇ ਤੋਂ ਅਜਿਹੇ ਕੁਕਰਮ ਨਾ ਕਰਨ ਦੀ ਸਹੁੰ ਖਾਧੀ। ਸਿੰਘਾਂ ਨੇ ਪਠਾਣ ਦੀ ਜਾਨ ਬਖਸ਼ ਦਿੱਤੀ ਅਤੇ ਪੰਡਤਾਣੀ ਵਾਪਸ ਲਿਆ ਕੇ ਗੁਰੂ-ਦਰਬਾਰ ਦੀ ਸ਼ਰਣ ਵਿੱਚ ਆਏ ਪੰਡਤ ਦੇ ਹਵਾਲੇ ਕੀਤੀ।



ਸ੍ਰੀ ਆਨੰਦਪੁਰ ਸਾਹਿਬ ਦਾ ਕਿਲਾ ਛੱਡਣ ਵੇਲੇ ਸਰਸਾ ਨਦੀ ਦੇ ਕੰਢੇ ਹੋਏ ਮੁਗਲਾਂ ਨਾਲ ਘਮਸਾਣ ਯੁੱਧ ਵਿੱਚ ਉਸ ਨੇ ਵੀ ਤੇਗ ਦੇ ਚੰਗੇ ਜੌਹਰ ਦਿਖਾਏ ਸਨ। ਜਦੋਂ ਅਨੰਦਪੁਰ ਸਾਹਿਬ ਵਿਖੇ ਅਨੰਦਗੜ੍ਹ ਕਿਲ੍ਹੇ ਨੂੰ ਮੁਗਲ ਫ਼ੌਜਾਂ ਨੇ ਘੇਰਾ ਪਾਇਆ ਹੋਇਆ ਸੀ, ਘੇਰਾ ਇੰਨਾ ਤੰਗ ਕਰ ਦਿੱਤਾ ਗਿਆ ਸੀ ਕਿ ਬਾਹਰੋਂ ਰਸਦ ਆਉਣੀ ਵੀ ਬੰਦ ਹੋ ਗਈ ਸੀ, ਉਸ ਵੇਲੇ ਸਿੰਘਾਂ ਦੇ ਉਡਣ ਦਸਤੇ ਬਣਾਏ ਗਏ ਸਨ, ਜਿਨ੍ਹਾਂ ਵਿੱਚ ਭਾਈ ਸੰਗਤ ਸਿੰਘ ਦਾ ਜਥਾ ਵੀ ਸ਼ਾਮਲ ਸੀ। ਰਾਤ ਵੇਲੇ ਪਹਾੜੀ ਪਰ ਮੁਗਲ ਫ਼ੌਜਾਂ ਦੇ ਕੈਂਪਾਂ ਉੱਤੇ ਹਮਲੇ ਕਰ ਕੇ ਰਸਦਾਂ ਲੁੱਟ ਕੇ ਲੈ ਆਉਂਦੇ ਸਨ। ਘੇਰਾ ਦਿਨ-ਬ-ਦਿਨ ਤੰਗ ਹੁੰਦਾ ਜਾ ਰਿਹਾ ਸੀ, ਇਥੋਂ ਤਕ ਕਿ ਜੇ ਪਾਣੀ ਵੀ ਲੈਣ ਜਾਣਾ ਹੁੰਦਾ ਤਾਂ ਜੇ ਚਾਰ ਸਿੰਘ ਵੀ ਜਾਂਦੇ ਸਨ ਤਾਂ ਦੋ ਰਸਤੇ ਵਿੱਚ ਹੀ ਸ਼ਹੀਦ ਹੋ ਜਾਂਦੇ ਸਨ-ਚਾਰ ਸਿੰਘ ਪਾਣੀ ਕੋ ਜਾਵੈਂ। ਦੋ ਜੂਝੈ ਦੋ ਪਾਣੀ ਲਿਆਵੈਂ। ਲਰੈਂ ਸਿੰਘ ਮਾਰੈਂ ਲਲਕਾਰੈ।

ਆਖਰ ਦਸੰਬਰ 1704 ਈ. ਨੂੰ ਰਾਤ ਦੇ ਪਹਿਲੇ ਪਹਿਰ ਸ਼ਸ਼ਤਰ, ਬਸਤਰ, ਰਾਸ਼ਨ ਪਾਣੀ ਦੇ ਮੁਕ ਜਾਣ, ਕਈ ਸਿੰਘਾਂ ਦੇ ਜ਼ਖਮੀ ਹੋਣ, ਭੁੱਖ ਨਾਲ ਘੋੜੇ ਆਦਿਕ ਵੀ ਨਿਢਾਲ ਹੋ ਜਾਣ ਕਰਕੇ ਯੁੱਧਨੀਤੀਵੇਤਾ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਨੂੰ ਛੱਡ ਦਿੱਤਾ। ਅੱਗੋਂ ਸਰਸਾ ਨਦੀ ਠਾਠਾਂ ਮਾਰ ਰਹੀ ਸੀ। ਵੈਰੀ ਕਸਮਾਂ ਨੂੰ ਤੋੜ ਕੇ ਆ ਪਏ। ਸਰਸਾ ਕਿਨਾਰੇ ਭਿਆਨਕ ਜੰਗ ਹੋਈ। ਗੁਰੂ ਜੀ ਨੇ ਪੈਦਲ ਵਹੀਰ ਲੰਘਾਉਣ ਲਈ ਸਾਹਿਬਜ਼ਾਦਾ ਅਜੀਤ ਸਿੰਘ, ਭਾਈ ਉਦੇ ਸਿੰਘ, ਭਾਈ ਜੀਵਨ ਸਿੰਘ, ਭਾਈ ਸੰਗਤ ਸਿੰਘ ਦੀ ਕਮਾਂਡ ਹੇਠ ਜਥੇ ਥਾਪ ਦਿੱਤੇ। ਮੁਗਲ ਅਤੇ ਪਹਾੜੀ ਫ਼ੌਜਾਂ ਨੇ ਸਿੰਘਾਂ ਤੇ ਹਮਲਾ ਕਰ ਦਿੱਤਾ। ਦਸਮੇਸ਼ ਪਿਤਾ ਜੀ ਨੇ ਜਥਿਆਂ ਨੂੰ ਵੈਰੀ ਦਾ ਡਟ ਕੇ ਟਾਕਰਾ ਕਰਨ ਦਾ ਹੁਕਮ ਦਿੱਤਾ ਕਿ ਜਦ ਤੱਕ ਵਹੀਰ ਸਰਸਾ ਪਾਰ ਨਹੀਂ ਕਰ ਜਾਂਦੀ ਤਦ ਤਕ ਵੈਰੀਆਂ ਦਾ ਟਾਕਰਾ ਕਰਦੇ ਰਹਿਣਾ। ਇਸ ਜੰਗ ਸਮੇਂ ਬਹੁਤ ਸਾਰੇ ਸਿੰਘ ਸਰਸਾ ਪਾਰ ਕਰਦੇ ਹੋਏ ਨਦੀ ਦੀ ਭੇਟ ਹੋ ਗਏ। ਸਰਸਾ ਦੇ ਜੰਗ ਸਮੇਂ ਸਾਰਾ ਪਰਵਾਰ ਖੇਰੂੰ-ਖੇਰੂੰ ਹੋ ਗਿਆ। ਅਨੇਕਾਂ ਸਿੰਘ ਇਸ ਘਮਸਾਣ ਦੀ ਜੰਗ ਵਿਚ ਸ਼ਹੀਦੀ ਪਾ ਗਏ ਤੇ ਕੁਝ ਸਰਸਾ ਨਦੀ ਵਿੱਚ ਕਈ ਮੀਲ ਦੂਰ ਪਾਣੀ ਦੇ ਵੇਗ ਵਿੱਚ ਰੁੜ੍ਹ ਗਏ। ਗੁਰੂ ਜੀ ਨੇ 7 ਪੋਹ ਦੀ ਰਾਤ ਨੂੰ ਰੋਪੜ ਤੋਂ ਚਮਕੌਰ ਸਾਹਿਬ ਜਾਣ ਦਾ ਫੈਸਲਾ ਲਿਆ। ਗੁਰੂ ਜੀ ਰਾਤ ਨੂੰ ਆਪਣੇ ਨਾਲ ਦੇ ਚਾਲ੍ਹੀ ਸਿੰਘਾਂ ਸਮੇਤ ਚਮਕੌਰ ਦੀ ਕੱਚੀ ਗੜ੍ਹੀ ਵਿੱਚ ਆ ਬਿਰ-ਜੇ। ਅਗਲੇ ਦਿਨ ਸਵੇਰੇ 8 ਪੋਹ, ਸੰਮਤ 1761 ਬਿਕ੍ਰਮੀ ਨੂੰ ਸੰਸਾਰ ਦੇ ਅਨੋਖੇ ਤੇ ਚਮਤਕਾਰੀ ਯੁੱਧ ਦੀ ਸ਼ੁਰੂਆਤ ਹੋਈ। ਇੱਕ ਪਾਸੇ ਕੇਵਲ ਭੁੱਖੇ ਤੇ ਥੱਕੇ 40 ਸਿੰਘ, ਦੂਜੇ ਪਾਸੇ ਵੈਰੀ ਦਲ ਦੀ ਭਾਰੀ ਫੌਜ। ਇਸ ਬਾਰੇ ਜ਼ਫ਼ਰਨਾਮੇ ਵਿੱਚ ਜ਼ਿਕਰ ਹੈ ਕਿ-

ਗੁਰਸਨਹ ਚਿਹ ਕਾਰੇ ਕੁਨੱਦ ਚਿਹਲ ਨਰ॥ ਕਿ ਦਹ ਲੱਕ ਬਿਆਯਦ ਬਰੋ ਬੇਖ਼ਬਰ॥੧੯॥

ਇਸ ਗੜ੍ਹੀ ਦੇ ਸਿੰਘਾਂ ਅਤੇ ਮੁਗਲ ਫੌਜਾਂ ਵਿਚਾਲੇ ਬਹੁਤ ਘਮਸਾਣ ਦੀ ਜੰਗ ਹੋਈ। ਮੁਗਲ ਫੌਜ ਨੇ ਤਿੰਨਾਂ ਪਾਸਿਆਂ ਤੋਂ ਘੇਰਾ ਪਾ ਹਮਲਾ ਕਰ ਦਿੱਤਾ ਜਿਸ ਵਿੱਚ ਨਾਹਰ ਖਾਂ ਤੇ ਖਵਾਜਾ ਮੁਹੰਮਦ ਆਪਣੀ ਫੌਜ ਦੀ ਅਗਵਾਈ ਕਰ ਰਹੇ ਸਨ। ਗੁਰੂ ਜੀ ਨੇ ਵੀ ਤਿੰਨਾਂ ਪਾਸਿਆਂ ਵੱਲ ਆਪਣੇ ਤੀਰਾਂ ਦੀ ਬੁਛਾੜ ਸ਼ੁਰੂ ਕਰ ਦਿੱਤੀ। ਨਾਹਰ ਖਾਂ ਤੇ ਗ਼ੈਰਤ ਖਾਨ ਗੁਰੂ ਜੀ ਦੇ ਤੀਰਾਂ ਨਾਲ ਮਾਰੇ ਗਏ। ਧਰਤੀ ਤੇ ਏਨਾਂ ਖੂਨ ਡੁੱਲ੍ਹਿਆ ਕਿ ਗਰਦ ਵੀ ਉਡਣੋਂ ਬੰਦ ਹੋ ਗਈ। ਵੈਰੀ ਦਲ ਨਾਲ ਜੂਝਦੇ ਹੋਏ, ਸ਼ਸਤਰ ਵਿੱਦਿਆ ਦੇ ਮਾਹਿਰ, ਦੁਸ਼ਮਣਾਂ ਨੂੰ ਚੰਗਾ ਸਬਕ ਸਿਖਾਉਂਦੇ ਹੋਏ, ਸਿੰਘ ਸ਼ਹਾਦਤ ਦਾ ਜਾਮ ਪੀ ਗਏ। ਗੁਰੂ ਜੀ ਨੇ ਸਾਹਿਬਜ਼ਾਦਾ ਅਜੀਤ ਸਿੰਘ ਜੀ ਦੀ ਬੇਨਤੀ ਮੰਨ ਕੇ ਉਨ੍ਹਾਂ ਨਾਲ ਹੋਰ ਸਿੰਘਾਂ ਨੂੰ ਥਾਪੜਾ ਦੇ ਕੇ ਜੰਗ ਵੱਲ ਤੋਰ ਦਿੱਤਾ। ਬਾਬਾ ਅਜੀਤ ਸਿੰਘ ਤੇ ਹੋਰ ਸਿੰਘ ਇਸ ਮੌਕੇ ਆਖਰੀ ਦਮ ਤਕ ਦੁਸ਼ਮਣਾਂ ਦੇ ਆਹੂ ਲਾਹ ਆਖਰ ਸ਼ਹਾਦਤ ਦਾ ਜਾਮ ਪੀ ਗਏ। ਗੁਰੂ ਗੋਬਿੰਦ ਸਿੰਘ ਜੀ ਨੇ ਯੁੱਧ ਦਾ ਸਾਰਾ ਨਜ਼ਾਰਾ ਆਪਣੀ ਅੱਖੀ ਵੇਖ ਜੈਕਾਰਾ ਬੋਲਿਆ-

ਆਜ ਖਾਸ ਭਯੋ ਖਾਲਸਾ, ਸਤਿਗੁਰੂ ਕੇ ਦਰਬਾਰ।

ਇਸ ਤੋਂ ਬਾਅਦ ਸਾਹਿਬਜ਼ਾਦਾ ਜੁਝਾਰ ਸਿੰਘ ਜੀ ਨੂੰ ਜੰਗ ਲਈ ਆਪਣੇ ਹੱਥੀ ਤਿਆਰ ਕਰ ਗੁਰੂ ਜੀ ਨੇ ਹੋਰ ਸਿੰਘ ਨਾਲ ਤੋਰੇ। ਉਸ ਸਮੇਂ ਬਾਬਾ ਜੁਝਾਰ ਸਿੰਘ ਜੀ ਦੇ ਮੈਦਾਨ ਵਿੱਚ ਆਉਣ ਨਾਲ ਯੁੱਧ ਇੱਕ ਵਾਰ ਫੇਰ ਭੱਖ ਪਿਆ। ਮੁਗਲ ਫੌਜਾਂ ਦੀ ਗਿਣਤੀ ਵੱਧ ਹੋਣ ਕਰਕੇ ਉਨ੍ਹਾਂ ਦੇ ਹੌਸਲੇ ਵਧੇ ਹੋਏ ਸਨ ਤੇ ਉਨ੍ਹਾਂ ਨੇ ਸਾਹਿਬਜ਼ਾਦੇ ਸਮੇਤ ਸਾਰੇ ਸਿੰਘਾਂ ਨੂੰ ਘੇਰੇ ਵਿੱਚ ਲੈ ਲਿਆ। ਸਾਹਿਬਜ਼ਾਦਾ ਜੁਝਾਰ ਸਿੰਘ ਜੀ ਨੇਜ਼ਾ ਹੱਥ ਵਿੱਚ ਫੜ ਦੁਸ਼ਮਣਾਂ ਨੂੰ ਕੁਚੀਆਂ ਵਾਂਗ ਉਸ ਵਿੱਚ ਪਰੋ-ਪਰੋ ਕੇ ਸੁੱਟਦੇ ਰਹੇ। ਉਪਰੋਂ ਗੁਰੂ ਗੋਬਿੰਦ ਸਿੰਘ ਜੀ ਨੇ ਯੁੱਧ ਵਿੱਚ ਚਾਰੇ ਪਾਸੇ ਤੋਂ ਸਾਹਿਬਜ਼ਾਦੇ ਸਮੇਤ ਸਿੰਘਾਂ ਨੂੰ ਘਿਰੇ ਦੇਖ ਤੀਰਾਂ ਦੀ ਬੁਛਾੜ ਲਗਾ ਦਿੱਤੀ। ਇਸ ਤਰ੍ਹਾਂ ਘੇਰਾ ਟੁੱਟ ਗਿਆ ਤੇ ਸਾਹਿਬਜ਼ਾਦਾ ਜੁਝਾਰ ਸਿੰਘ ਜੀ ਨੇ ਤਲਵਾਰ ਦੇ ਜੌਹਰ ਦਿਖਾ ਅਨੇਕਾਂ ਦੁਸ਼ਮਣਾਂ ਨੂੰ ਪਾਰ ਬੁਲਾਇਆ। ਅੰਤ ਵੈਰੀ ਦਲ ਨਾਲ ਜੂਝਦੇ ਹੋਏ ਬਾਬਾ ਜੁਝਾਰ ਸਿੰਘ ਜੀ ਵੀ ਇੱਕ ਮਹਾਨ ਸੂਰਬੀਰ ਯੋਧੇ ਦੀ ਤਰ੍ਹਾਂ ਸ਼ਹਾਦਤ ਦਾ ਜਾਮ ਪੀ ਗਏ। ਮਿਰਜ਼ਾ ਅਬਦੁਲ ਗ਼ਨੀ ਲਿਖਦਾ ਹੈ-

ਬੇਟੇ ਕੇ ਕਤਲ ਹੋਨੇ ਕੀ ਪਹੁੰਚੀ ਜੂੰਹੀ ਖ਼ਬਰ। ਸ਼ੁਕਰੇ ਅੱਲਾਹ ਕੀਆ ਝਟ ਉਠਾ ਕੇ ਸਰ।
ਮੁਝ ਪਰ ਸੇ ਆਜ ਤੇਰੀ ਅਮਾਨਤ ਅਦਾ ਹੁਈ ਬੇਟੋਂ ਕੀ ਜਾਂ, ਧਰਮ ਕੀ ਖ਼ਾਤਿਰ ਫ਼ਿਦਾ ਹੁਈ।

ਹੁਣ ਵੈਰੀ ਦਲ ਦੇ ਜਰਨੈਲਾਂ ਰਲ ਸਲਾਹ ਕੀਤੀ ਕਿ ਸਵੇਰ ਦੀ ਲੜਾਈ ਵਾਸਤੇ ਗੜ੍ਹੀ ਅੰਦਰ ਗਿਣਤੀ ਦੇ ਸਿੰਘਾਂ ਨੂੰ ਹੱਥੋ-ਹੱਥੀ ਫੜ ਲਿਆ ਜਾਵੇ। ਇਸ ਤਰ੍ਹਾਂ ਅਜਿਹਾ ਮਤਾ ਪਕਾ ਕੇ ਦੁਸ਼ਮਣ ਦਲ ਦੀਆਂ ਫੌਜਾਂ ਗੜ੍ਹੀ ਦੁਆਲੇ ਪਹਿਰੇ ਦੀ ਤਕੜਾਈ ਕਰ ਆਰਾਮ ਕਰਨ ਲੱਗ ਪਈਆਂ। ਉਧਰ ਬਚੇ ਸਿੰਘਾਂ ਨੇ ਗੁਰਮਤੇ ਸੋਧਣੇ ਸ਼ੁਰੂ ਕਰ ਦਿੱਤੇ, ਵਿਚਾਰ ਕੀਤੀ ਗਈ ਕਿ ਅੱਜ ਹੀ ਰਾਤੀ ਦਸਮੇਸ਼ ਜੀ ਗੜ੍ਹੀ ਛੱਡ ਕੇ ਚਲੇ ਜਾਣ ਤਾਂ ਜੋ ਬਾਹਰ ਜਾ ਕੇ, ਹੋਰ ਫੌਜਾਂ ਦੀ ਤਿਆਰੀ ਕਰ ਸਕਣ ਪ੍ਰੰਤੂ ਗੁਰੂ ਜੀ ਨੇ ਨਾਂਹ ਕਰ ਦਿੱਤੀ ਤਾਂ ਗੜ੍ਹੀ ਵਿੱਚ ਬਚੇ ਸਿੰਘਾਂ ਨੇ ਪੰਚਾਇਤੀ ਰੂਪ ਵਿੱਚ ਮਤਾ ਕਰਕੇ ਗੁਰੂ ਜੀ ਨੂੰ ਗੜ੍ਹੀ ਛੱਡ ਕੇ ਸੁਰੱਖਿਅਤ ਸਥਾਨ ਵੱਲ ਜਾਣ ਦਾ "ਹੁਕਮ" ਸੁਣਾਇਆ। ਗੁਰੂ ਜੀ ਨੇ "ਖਾਲਸੇ" ਦੇ ਹੁਕਮ ਅੱਗੇ ਸਿਰ ਨਿਵਾਂਦੇ ਬੇਨਤੀ ਕੀਤੀ ਕਿ ਉਹ ਜਾਣ ਤੋਂ ਪਹਿਲੇ ਦੁਸ਼ਮਣ ਨੂੰ ਵੰਗਾਰ ਕੇ ਜਾਣਗੇ। ਇਹ ਬੇਨਤੀ ਪ੍ਰਵਾਨ ਕਰ ਲਈ ਗਈ। ਦਸਮੇਸ਼ ਪਿਤਾ ਨੇ ਤਿੰਨ ਸਿੰਘ ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਈ ਮਾਨ ਸਿੰਘ ਆਪਣੇ ਨਾਲ ਲੈ ਜਾਣ ਦੀ ਵਿਉਂਤ ਬਣਾਈ। ਹਮਸ਼ਕਲ ਭਾਈ ਸੰਗਤ ਸਿੰਘ ਨੂੰ ਆਪਣੀ ਪੁਸ਼ਾਕ ਅਤੇ ਜਿਗ੍ਹਾ ਕਲਗੀ ਪਹਿਨਾ ਕੇ ਗੜ੍ਹੀ ਦੀ ਉੱਚੀ ਮਮਟੀ (ਗੁੰਬਦ) ਉੱਤੇ ਬੈਠਣ ਦੀ ਸਲਾਹ ਦਿੱਤੀ ਕਿਉਂਕਿ ਅਜਿਹਾ ਕਰਨ ਨਾਲ ਦੁਸ਼ਮਣ ਨੂੰ ਗੁਰੂ ਸਾਹਿਬ ਦੀ ਮੌਜੂਦਗੀ ਦਾ ਅਹਿਸਾਸ ਹੋ ਸਕੇ। ਇਸ ਤੋਂ ਬਾਅਦ ਗੁਰੂ ਸਾਹਿਬ ਜੀ ਨੇ ਉਨ੍ਹਾਂ ਸਮੇਤ ਹੋਰ ਸਿੰਘਾਂ ਨੂੰ ਦੂਸਰੇ ਦਿਨ ਦੀ ਲੜਾਈ ਵਿੱਚ ਅਪਨਾਉਣ ਯੋਗ ਨੀਤੀ ਬਾਰੇ ਉਪਦੇਸ਼ ਦਿੱਤਾ। ਗੁਰੂ ਜੀ ਨੇ ਆਪਣਾ ਤੀਰ ਕਮਾਨ ਤੇ ਹੋਰ ਸ਼ਸਤਰ ਭਾਈ ਸੰਗਤ ਸਿੰਘ ਜੀ ਨੂੰ ਦੇਂਦੇ ਕਿਹਾ ਕਿ ਜਿਉਂਦੇ-ਜੀਅ ਦੁਸ਼ਮਣ ਦੇ ਹੱਥ ਨਹੀਂ ਆਉਣਾ।

ਅਗਲੀ ਸਵੇਰ 9 ਪੋਹ, 1761 ਬਿਕ੍ਰਮੀ ਦਿਨ ਚੜ੍ਹਿਆ ਮੁਗਲਾਂ ਨੇ ਗੜ੍ਹੀ ਵੱਲ ਨਜ਼ਰ ਮਾਰੀ, ਉਨ੍ਹਾਂ ਨੂੰ ਮਮਟੀ ਪਰ ਬੈਠਾ ਭਾਈ ਸੰਗਤ ਸਿੰਘ, ਗੁਰੂ ਗੋਬਿੰਦ ਸਿੰਘ ਦਿਖਾਈ ਦੇ ਰਿਹਾ ਸੀ ਤੇ ਮੁਗਲ ਬੜੇ ਹੀ ਖੁਸ਼ ਹੋਏ ਕਿ ਗੜ੍ਹੀ ਵਿੱਚ ਪੰਜ-ਸੱਤ ਸਿੰਘ ਹਨ, ਇੱਕ ਹੱਲੇ ਨਾਲ ਹੀ ਗੜ੍ਹੀ ਸਰ ਕਰ ਕੇ ਗੁਰੂ ਗੋਬਿੰਦ ਸਿੰਘ ਜੀ ਨੂੰ ਜਿਉਂਦਿਆਂ ਹੀ ਫੜ ਲਿਆ ਜਾਵੇਗਾ ਅਤੇ ਸਰਕਾਰ ਵੱਲੋਂ ਉਨ੍ਹਾਂ ਨੂੰ ਕਾਫ਼ੀ ਇਨਾਮ ਮਿਲੇਗਾ। ਇਹ ਸੋਚ ਕੇ ਮੁਗਲਾਂ ਨੇ ਗੜ੍ਹੀ ਤੇ ਹਮਲਾ ਕਰ ਦਿੱਤਾ। ਮੁੱਠੀ-ਭਰ ਸਿੰਘਾਂ ਨੇ ਡੱਟ ਕੇ ਮੁਕਾਬਲਾ ਕੀਤਾ ਜਿੰਨਾ ਚਿਰ ਉਨ੍ਹਾਂ ਪਾਸ ਗੋਲੀ-ਸਿੱਕੇ ਦਾ ਭੰਡਾਰ ਰਿਹਾ ਦੁਸ਼ਮਣ ਨੂੰ ਲਾਗੇ ਨਹੀਂ ਢੁੱਕਣ ਦਿੱਤਾ। ਜਦੋਂ ਤੀਰ ਤੇ ਗੋਲੀ-ਸਿੱਕਾ ਮੁੱਕ ਗਿਆ ਤਾਂ ਲੜਾਈ ਹੱਥੋ-ਹੱਥੀ ਹੋ ਗਈ। ਇੱਕ-ਇੱਕ ਕਰ ਕੇ ਸਾਰੇ ਸਿੰਘ ਜਾਮ-ਏ-ਸ਼ਹਾਦਤ ਪੀ ਗਏ। ਭਾਈ ਸੰਗਤ ਸਿੰਘ ਜੀ ਚਾਰੇ ਪਾਸੇ ਤੋਂ ਦੁਸ਼ਮਣ ਵਿੱਚ ਘਿਰੇ ਹੋਏ ਵੈਰੀਆਂ ਦੇ ਆਹੂ ਲਾਹੁੰਦੇ ਰਹੇ। ਕਈ ਘੰਟੇ ਦੁਸ਼ਮਣਾਂ ਦਾ ਮੁਕਾਬਲਾ ਕਰਦੇ ਹੋਏ ਅਖੀਰ ਫਤਹਿ ਗਜਾ ਫਤਹਿ ਤੇ ਡਿੱਗ ਪਏ। ਮੁਗਲਾਂ ਨੇ ਕਾਹਲੀ ਵਿੱਚ ਇਹ ਸੋਚ ਲਿਆ ਕਿ ਇਹ ਕਲਗੀ ਵਾਲੇ ਗੁਰੂ ਗੋਬਿੰਦ ਸਿੰਘ ਜੀ ਹਨ। ਇੱਕ ਪਠਾਣ ਨੇ ਕਲਗੀ ਵਾਲਾ ਸਿਰ ਧੜ ਨਾਲੋਂ ਜੁਦਾ ਕਰ ਦਿੱਤਾ। ਭਾਈ ਕੁਇਰ ਸਿੰਘ ਲਿਖਦੇ ਹਨ-

ਕਲਗੀ ਜਿਗ੍ਹਾ ਔਰ ਯਹ ਹੋਈ। ਗੋਬਿੰਦ ਇਹੈ ਹੈ ਸੋਈ। ਮਾਰ ਸ਼ੀਸ਼-ਸ਼ਮਸ਼ੇਰ ਪਠਾਨਾਂ। ਸੀਸ ਰਹਿਤ ਕਲਗੀ ਲੀ ਮਾਨਾ।ਸੀਸ ਨਿਹਾਰ ਬੰਗੇਸਰ ਕੋ ਬੋਲਤ ਹੈ ਸਭ ਨਰ ਨਾਰੀ।ਏਕ ਕਹੇ ਕਰੁਨਾ ਨਿਧ ਕੋ, ਇਕ ਭਾਖਤ ਹੈ ਇਹ ਖੇਲ ਅਪਾਰੀ।

ਭਾਈ ਸੰਗਤ ਸਿੰਘ ਜੀ ਜਿਵੇਂ ਪੁਕਾਰ, ਜੋਦੜੀ ਕਰ ਰਹੇ ਹੋਵਣ ਦਸਮ-ਪਿਤਾ ਅੱਗੇ-ਅਪਨੇ ਸੇਵਕ ਕਉ ਕਬਹੂ ਨ ਬਿਸਾਰਹੁ॥ ਉਰਿ ਲਾਗਹੁ ਸੁਆਮੀ ਪ੍ਰਭ ਮੇਰੇ ਪੂਰਬ ਪ੍ਰੀਤਿ ਗੋਬਿੰਦ ਬੀਚਾਰਹੁ॥(੮੨੯) ਵਿਚਿ ਦੁਨੀਆ ਸੇਵ ਕਮਾਈਐ॥ ਤਾ ਦਰਗਹ ਬੈਸਣੁ ਪਾਈਐ॥ (੨੬) ਸਿੱਖਾਂ ਦਾ ਗੁਰੂ ਗਿਆ ਜੇ ਫੜੋ!, ਸਿੱਖਾਂ ਦਾ ਗੁਰੂ ਗਿਆ ਜੇ ਫੜੋ! ਹੁਣ ਬਚ ਕੇ ਕਿਤੇ ਨਿਕਲ ਨਾਂ ਜਾਵੇ। ਇਹ ਬੋਲ ਸਰਹਿੰਦ ਦੇ ਘਬਰਾਏ ਹੋਏ ਸੂਬੇਦਾਰ ਵਜ਼ੀਰ ਖਾਨ ਦੇ ਹਨ। ਜਦੋਂ ਸਾਹਿਬ-ਏ-ਕਮਾਲ ਗੁਰੂ ਗੋਬਿੰਦ ਸਿੰਘ ਜੀ ਨੂੰ ਚਮਕੌਰ ਦੀ ਲੜਾਈ ਦੇ ਅੰਤਿਮ ਦਿਨਾਂ ਵਿੱਚ, ਪੰਚਾਇਤੀ ਰੂਪ ਵਿੱਚ ਪੰਜ ਸਿੰਘਾਂ ਨੇ ਆਦੇਸ਼ ਦਿੱਤਾ ਕਿ ਉਹ ਚਮਕੌਰ ਦੀ ਹਵੇਲੀ ਛੱਡ ਜਾਣ ਤਾਂ ਮਹਾਬਲੀ ਸਤਿਗੁਰੂ ਜੀ ਨੇ ਪੰਚ-ਪ੍ਰਧਾਨੀ ਪ੍ਰੰਪਰਾ ਅਰਥਾਤ ਖਾਲਸਾ ਪੰਥ ਦੇ ਹੁਕਮ ਨੂੰ ਸਿਰ-ਮੱਥੇ ਮੰਨ ਕੇ, ਪੋਹ ਦੀ ਕਾਲੀ-ਬੋਲੀ ਰਾਤ ਨੂੰ, ਜ਼ੋਰ-ਜ਼ੋਰ ਨਾਲ ਹੱਥਾਂ ਦੀ ਤਾੜੀ ਮਾਰ ਕੇ, ਉੱਚੀ ਆਵਾਜ਼ ਨਾਲ ਕਿਹਾ, ਸਿੱਖਾਂ ਦਾ ਗੁਰੂ ਚੱਲਿਆ ਜੇ! ਜੇ ਕਿਸੇ ਵਿੱਚ ਹਿੰਮਤ ਹੈ ਤਾਂ ਫੜ ਲਓ। ਜਦੋਂ ਨਿਰਭੈ ਮਹਾਬਲੀ ਗੁਰੂ ਜੀ ਨੇ ਅਜਿਹੇ ਬੋਲ ਕਹੇ ਤਾਂ ਮੁਗਲ ਫੌਜਾਂ ਵਿੱਚ ਭਗਦੜ ਮਚ ਗਈ। ਵਜ਼ੀਰ ਖਾਨ ਆਪਣੇ ਸੈਨਾਪਤੀਆਂ ਅਤੇ ਫੌਜਾਂ ਨੂੰ ਵੰਗਾਰ-ਵੰਗਾਰ ਕੇ ਕਹਿ ਰਿਹਾ ਸੀ ਹੁਣ ਕਿਤੇ ਵੇਲਾ ਖੁੰਝ ਨਾਂ ਜਾਵੇ, ਤਕੜੇ ਹੋ ਹਿੰਮਤ ਮਾਰ ਕੇ ਗੁਰੂ ਨੂੰ ਜਿਉਂਦਾ ਹੀ ਫੜ ਲਓ। ਅਕਾਲ ਪੁਰਖ ਦੇ ਰੰਗ ਨਿਆਰੇ ਹਨ। ਰਾਤ ਦੇ ਹਨੇਰੇ ਵਿੱਚ ਹੜਬੜਾਏ ਹੋਏ, ਮੁਗਲ ਫੌਜੀ ਆਪੋ ਵਿੱਚ ਹੀ ਲੜ-ਲੜ ਕੇ ਮਰਨ ਲੱਗ ਪਏ।

ਸਵੇਰੇ ਪਹੁ-ਫੁਟਾਲੇ ਉਨ੍ਹਾਂ ਨੇ ਛੱਤ ਉੱਪਰ ਬੈਠੇ ਹੋਏ ਗੁਰੂ ਜੀ ਨੂੰ ਦੇਖਿਆ। ਵਾਸਤਵ ਵਿੱਚ ਸਤਿਗੁਰੂ ਜੀ ਦੁਆਰਾ ਬਖ਼ਸ਼ਿਆ ਹੋਇਆ ਚੋਲਾ ਅਤੇ ਕਲਗੀ ਸਜਾਈ ਬੈਠਾ, ਇਹ ਭਾਈ ਸੰਗਤ ਸਿੰਘ ਨਿਰਭੈ ਯੋਧਾ ਸੀ ਜਿਸ ਦੀ ਸ਼ਕਲ ਵੀ ਗੁਰੂ ਗੋਬਿੰਦ ਸਿੰਘ ਜੀ ਨਾਲ ਰਲਦੀ-ਮਿਲਦੀ ਸੀ। ਵਜ਼ੀਰ ਖਾਨ ਨੇ ਖੁਦ ਅੱਖੀਂ ਦੇਖ ਲਿਆ ਕਿ ਗੁਰੂ ਗੋਬਿੰਦ ਸਿੰਘ ਤਾਂ ਸਾਹਮਣੇ ਹਵੇਲੀ ਉੱਪਰ ਬੈਠੇ ਹੋਏ ਹਨ। ਕਲਗੀ ਵੀ ਉਹੀ ਹੈ, ਸ਼ਕਲ, ਕੱਦ ਅਤੇ ਚੋਲਾ ਵੀ ਉਹੀ ਹੈ ਤਾਂ ਵਜ਼ੀਰ ਖਾਂ ਨੂੰ ਕੜਾਕੇਦਾਰ ਠੰਡ ਵਿੱਚ ਹੀ ਤ੍ਰੇਲੀਆਂ ਆਉਣ ਲੱਗ ਪਈਆਂ। ਸਾਰਾ ਸਰੀਰ ਪਸੀਨੇ ਨਾਲ ਭਿੱਜ ਗਿਆ ਕਿ ਹੈਂ! ਗੁਰੂ ਅਜੇ ਜਿਉਂਦਾ ਹੈ? ਰਾਤ,

(ਬਾਕੀ ਅਗਲੇ ਸਫੇ ਤੇ)

# ਦਿੱਲੀ ਗੁਰਦੁਆਰਾ ਚੋਣਾਂ ਬਨਾਮ ਸਿੱਖ ਜੱਥੇਬੰਦੀਆਂ



ਜਸਵੰਤ ਸਿੰਘ 'ਅਜੀਤ'
91-95827-198 90

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਮ ਚੋਣਾਂ, ਜੇ ਨਿਸ਼ਚਿਤ ਸਮੇਂ 'ਤੇ ਹੁੰਦੀਆਂ ਹਨ, ਤਾਂ ਇਸਦੇ ਲਈ ਲਗਭਗ ਇੱਕ ਵਰ੍ਹੇ ਦਾ ਹੀ ਸਮਾਂ ਬਾਕੀ ਰਹਿ ਗਿਆ ਹੋਇਆ ਹੈ, ਜੋ ਕਿ ਕੋਈ ਬਹੁਤ ਜ਼ਿਆਦਾ ਨਹੀਂ! ਵੇਖਿਆ ਜਾਏ ਤਾਂ ਇਹ ਗਲ ਸਪਸ਼ਟ ਰੂਪ ਵਿੱਚ ਉਭਰ ਕੇ ਸਾਹਮਣੇ ਆ ਜਾਂਦੀ ਹੈ ਕਿ ਪਿਛਲੀਆਂ ਆਮ ਚੋਣਾਂ ਤੋਂ ਲੈ ਕੇ ਹੁਣ ਤਕ ਦਾ ਜੋ ਤਿੰਨ-ਕੁ ਵਰ੍ਹਿਆਂ ਦਾ ਸਮਾਂ ਬੀਤਿਆ ਹੈ, ਉਸ ਸਮੇਂ ਦੌਰਾਨ ਗੁਰਦੁਆਰਾ ਚੋਣਾਂ ਵਿੱਚ ਹਿੱਸਾ ਲੈਣ ਦੀਆਂ ਇਛੁੱਕ ਸਿੱਖ ਜਥੇਬੰਦੀਆਂ ਵਿਚੋਂ, ਕਿਸੇ ਇੱਕ ਵੀ ਜੱਥੇਬੰਦੀ ਨੇ ਆਮ ਸਿੱਖਾਂ ਵਿੱਚ ਆਪਣਾ ਆਧਾਰ ਕਾਇਮ ਕਰਨ ਜਾਂ ਮਜ਼ਬੂਤ ਕਰਨ ਦੇ ਉਦੇਸ਼ ਨਾਲ, ਉਨ੍ਹਾਂ ਨਾਲ ਸਿੱਧਾ ਸੰਪਰਕ ਕਾਇਮ ਕਰਨ ਲਈ ਨਾ ਤਾਂ ਕੋਈ ਕੋਸ਼ਿਸ਼ ਹੀ ਕੀਤੀ ਹੈ ਅਤੇ ਨਾ ਹੀ ਇਸਦੀ ਲੋੜ ਹੀ ਸਮਝੀ ਹੈ। ਹਾਂ, ਇਸ ਗਲ ਤੋਂ ਤਾਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਸ ਸਮੇਂ ਵਿੱਚ ਹਰ ਸਿੱਖ ਜੱਥੇਬੰਦੀ, ਜਿਸਦੀ ਰਾਜਨੀਤੀ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦੁਆਲੇ ਹੀ ਘੁੰਮਦੀ ਹੈ, ਦੇ ਆਗੂਆਂ ਵਲੋਂ ਆਮ ਸਿੱਖਾਂ ਵਿੱਚ ਇੱਕ-ਦੂਸਰੇ ਦੀ ਛੱਬੀ ਧੁੰਧਲੀ ਬਣਾਉਣ ਲਈ ਬਿਆਨ-ਬਾਜ਼ੀ ਕਰਦਿਆਂ ਰਹਿਣ ਦਾ ਸਿਲਸਿਲਾ ਜ਼ਰੂਰ ਜਾਰੀ ਰਖਿਆ ਗਿਆ।

ਇਸ ਸਥਿਤੀ ਵਿੱਚ ਜਦਕਿ ਗੁਰਦੁਆਰਾ ਚੋਣਾਂ ਹੋਣ ਵਿੱਚ ਲਗਭਗ ਇੱਕ ਹੀ ਵਰ੍ਹੇ ਦਾ ਸਮਾਂ ਰਹਿ ਗਿਆ ਹੋਇਆ ਹੈ, ਜੇ ਇਨ੍ਹਾਂ ਸਿੱਖ ਜੱਥੇਬੰਦੀਆਂ ਨੇ ਗੁਰਦੁਆਰਾ ਚੋਣਾਂ ਵਿੱਚ ਚੰਗਾ ਪ੍ਰਦਰਸ਼ਨ ਕਰਨਾ ਹੈ ਤਾਂ ਉਨ੍ਹਾਂ ਨੂੰ ਆਪਣੀ ਸਥਿਤੀ ਸੁਧਾਰਨੀ ਅਤੇ ਮਜ਼ਬੂਤ ਬਣਾਉਣੀ ਹੋਵੇਗੀ ਅਤੇ ਇਸਦੇ ਲਈ ਉਨ੍ਹਾਂ ਨੂੰ ਬਿਨਾ ਸਮਾਂ ਗੁਆਇ ਇਸ ਸਮੇਂ ਵਿੱਚ ਆਮ ਸਿੱਖਾਂ ਨਾਲ ਸਿੱਧਾ ਸੰਪਰਕ ਕਰ, ਉਨ੍ਹਾਂ ਨਾਲ ਆਪਣੇ ਪ੍ਰੋਗਰਾਮ ਅਤੇ ਭਵਿੱਖ ਦੀਆਂ ਨੀਤੀਆਂ ਨੂੰ ਸਾਂਝਿਆਂ ਕਰਨਾ ਹੋਵੇਗਾ।

ਚੋਣ ਲੜਨ ਦੀਆਂ ਇਛੁੱਕ ਜਥੇਬੰਦੀਆਂ: ਇਸ ਸਮੇਂ ਜੋ ਸਿੱਖ ਜੱਥੇਬੰਦੀਆਂ, ਮੁੱਖ ਰੂਪ ਵਿੱਚ ਦਿੱਲੀ ਗੁਰਦੁਆਰਾ ਚੋਣਾਂ ਦੇ ਮੈਦਾਨ ਵਿੱਚ ਉਤਰਨ ਲਈ ਡੰਢ-ਬੈਠਕਾਂ ਕਢ ਰਹੀਆਂ ਹਨ, ਉਨ੍ਹਾਂ ਵਿਚੋਂ ਇੱਕ ਤਾਂ ਸ਼੍ਰੋਮਣੀ ਅਕਾਲੀ ਦਲ (ਬਾਦਲ) ਹੀ ਹੈ, ਜੋ ਬੀਤੇ ਤਿੰਨ ਵਰ੍ਹਿਆਂ ਤੋਂ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਦੀ ਸੇਵਾ-ਸੰਭਾਲ ਦੀ ਜ਼ਿਮੇਂਦਾਰੀ ਨਿਭਾਂਦਾ ਚਲਿਆ ਆ ਰਿਹਾ ਹੈ, ਉਸਦੇ ਮੁਖੀ ਕੁਝ-ਕੁ ਸ਼ਲਾਘਾਯੋਗ ਕੰਮ ਕਰਦਿਆਂ ਅਤੇ ਉਸਦੇ ਨਾਲ ਹੀ ਆਪਣੇ ਪ੍ਰਬੰਧਕੀ-ਕਾਲ ਦੇ ਦੌਰਾਨ ਕੀਤੇ ਕੰਮਾਂ ਅਤੇ ਗੁਰਦੁਆਰਾ ਕਮੇਟੀ ਦੇ ਸਾਧਨਾਂ ਦੇ ਸਹਾਰੇ ਆਪਣੀ ਜਿੱਤ ਨਿਸ਼ਚਿਤ ਮੰਨਕੇ ਚਲ ਰਹੇ ਹਨ। ਉਧਰ ਦੂਸਰੀ ਜੱਥੇਬੰਦੀ, ਸ਼੍ਰੋਮਣੀ ਅਕਾਲੀ ਦਲ ਦਿੱਲੀ (ਸਰਨਾ) ਹੈ, ਜੋ ਲਗਭਗ ਦਸ ਵਰ੍ਹੇ ਗੁਰਦੁਆਰਾ ਪ੍ਰਬੰਧ ਦੀ ਸੇਵਾ-ਸੰਭਾਲ ਦੀ ਜ਼ਿਮੇਂਦਾਰੀ ਨਿਭਾਉਣ ਤੋਂ ਬਾਅਦ ਤਿੰਨ ਵਰ੍ਹਿਆਂ ਤੋਂ ਗੁਰਦੁਆਰਾ ਪ੍ਰਬੰਧ ਤੋਂ ਬਾਹਰ ਚਲਿਆ ਆ ਰਿਹਾ ਹੈ, ਦੇ ਮੁੱਖੀਆਂ ਨੂੰ ਵਿਸ਼ਵਾਸ ਹੈ ਕਿ ਇੱਕ ਤਾਂ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਮੁੱਖੀ, ਗੁਰਦੁਆਰਾ ਪ੍ਰਬੰਧ ਦੀ ਸੇਵਾ-ਸੰਭਾਲ ਦੇ ਆਪਣੇ ਸਮੇਂ ਦੇ ਦੌਰਾਨ ਕੋਈ ਅਜਿਹਾ ਕੰਮ ਕਰ ਪਾਣ ਵਿੱਚ ਸਫਲ ਨਹੀਂ ਹੋ ਸਕੇ, ਜਿਸਦੇ ਚਲਦਿਆਂ ਦਿੱਲੀ ਦੇ ਸਿੱਖ ਮਤਦਾਤਾ ਫਿਰ ਤੋਂ ਉਨ੍ਹਾਂ ਪੁਰ ਵਿਸ਼ਵਾਸ ਪ੍ਰਗਟ ਕਰਨ ਲਈ ਸ਼ਾਇਦ ਹੀ ਤਿਆਰ ਹੋ ਸਕਣ। ਦੂਸਰਾ ਗੁਰਦੁਆਰਾ ਪ੍ਰਬੰਧ ਵਿੱਚ ਭ੍ਰਿਸ਼ਟਾਚਾਰ ਨੂੰ ਉਤਸਾਹਿਤ ਕਰਨ ਦੇ ਦੋਸ਼, ਜਿਸ ਤਰ੍ਹਾਂ ਉਨ੍ਹਾਂ ਪੁਰ ਲਗਦੇ ਚਲੇ ਆ ਰਹੇ ਹਨ, ਦੇ ਚਲਦਿਆਂ ਜੋ ਵਾਤਾਵਰਣ ਆਮ ਸਿੱਖਾਂ ਵਿੱਚ ਬਣਦਾ ਜਾ ਰਿਹਾ ਹੈ, ਉਹ ਵੀ ਉਨ੍ਹਾਂ ਦੇ ਵਿਰੁੱਧ ਆਪਣੀ ਭੂਮਿਕਾ ਅਦਾ ਕਰੇਗਾ ਅਤੇ ਇਸ ਸਭ ਕੁਝ ਦੇ ਚਲਦਿਆਂ, ਬਣ ਰਹੇ ਹਾਲਾਤ ਦਾ ਲਾਭ ਉਨ੍ਹਾਂ ਨੂੰ ਮਿਲ ਸਕਦਾ ਹੈ।



ਇਨ੍ਹਾਂ ਦੇ ਨਾਲ ਹੀ ਦਸ਼ਮੇਸ਼ ਸੇਵਾ ਸੋਸਾਇਟੀ ਦੇ ਮੁੱਖੀਆਂ, ਜਿਨ੍ਹਾਂ ਨੇ ਪਿਛਲੀਆਂ ਗੁਰਦੁਆਰਾ ਚੋਣਾਂ ਵਿੱਚ ਹਿੱਸਾ ਲੈ, ਆਪਣੀ ਹੋਂਦ ਦਾ ਅਹਿਸਾਸ ਕਰਵਾਣ ਦੀ ਦਲੇਰੀ ਕੀਤੀ ਸੀ, ਪ੍ਰੰਤੂ ਆਪਣੇ ਉਦੇਸ਼ ਵਿੱਚ ਸਫਲ ਨਹੀਂ ਸੀ ਹੋ ਸਕੇ, ਇਸ ਵਾਰ ਉਹ ਬਹੁਤ ਹੀ ਸੋਚ-ਵਿਚਾਰ ਅਜਿਹੀ ਰਣਨੀਤੀ ਬਣਾ, ਚੋਣ ਮੈਦਾਨ ਵਿੱਚ ਉਤਰਨ ਦੀ ਤਿਆਰੀ ਕਰ ਰਹੇ ਜਾਪਦੇ ਹਨ, ਜਿਸ ਨਾਲ ਇਸ ਵਾਰ ਤਾਂ ਉਹ ਆਪਣੀ ਪ੍ਰਭਾਵੀ ਹੋਂਦ ਦਾ ਅਹਿਸਾਸ ਕਰਵਾਉਣ ਵਿੱਚ ਸਫਲ ਹੋ ਸਕਣ। ਇਨ੍ਹਾਂ ਤੋਂ ਬਿਨਾ ਇੱਕ ਨਵੀਂ ਜੱਥੇਬੰਦੀ, ਪੰਥਕ ਸੇਵਾ ਦਲ, ਜੋ ਹਾਲ ਵਿੱਚ ਹੀ ਹੋਂਦ ਵਿੱਚ ਆਇਆ ਹੈ, ਦੇ ਮੁੱਖੀ ਵੀ ਗੁਰਦੁਆਰਾ ਚੋਣਾਂ ਵਿੱਚ ਉਤਰਨ ਲਏ ਪੂਰੇ ਜ਼ੋਰ-ਸ਼ੋਰ ਨਾਲ ਤਿਆਰੀ ਕਰਨ ਵਿੱਚ ਜੁਟੇ ਹੋਏ ਹਨ।

ਦੱਸਿਆ ਜਾਂਦਾ ਹੈ ਕਿ ਇਸ ਦਲ ਦੇ ਮੁੱਖੀਆਂ ਵਲੋਂ ਆਮ ਸਿੱਖਾਂ ਨਾਲ ਸਿੱਧਾ ਸੰਪਰਕ ਸਾਧਣ ਦੀ ਪ੍ਰਭਾਵੀ ਰਣਨੀਤੀ ਅਪਨਾਈ ਗਈ ਹੋਈ ਹੈ। ਇਹ ਵੀ ਮੰਨਿਆ ਜਾਂਦਾ ਹੈ ਕਿ ਉਨ੍ਹਾਂ ਨੂੰ ਦਿੱਲੀ ਦੀ ਸੱਤਾਧਾਰੀ ਪਾਰਟੀ, ਆਮ ਆਦਮੀ ਪਾਰਟੀ ਦੇ ਸਿੱਖ ਵਿਧਾਇਕਾਂ ਦਾ ਪੂਰੀ ਸਰਪ੍ਰਸਤੀ ਪ੍ਰਾਪਤ ਹੈ।

ਪੰਜਾਬੀ ਯੂਨੀਵਰਸਿਟੀ ਦੇ ਉਪ-ਕੁਲਪਤੀ ਡਾ. ਜਸਪਾਲ ਸਿੰਘ ਦੇ ਕਾਰਜਕਾਲ ਨੂੰ ਚੌਥੀ ਵਾਰ ਤਿੰਨ ਵਰ੍ਹਿਆਂ ਲਈ ਵਧਾਏ ਜਾਣ ਦੇ ਪੰਜਾਬ ਸਰਕਾਰ ਵਲੋਂ ਕੀਤੇ ਗਏ ਫੈਸਲੇ ਦਾ ਸਵਾਗਤ ਜਿਥੇ ਉਨ੍ਹਾਂ ਦੇ ਨੇੜਲੇ ਸਾਥੀਆਂ-ਪ੍ਰਸ਼ੰਸਕਾ ਵਲੋਂ ਉਤਸਾਹ ਨਾਲ ਕੀਤਾ ਗਿਆ ਹੈ, ਉਥੇ ਹੀ ਦਿੱਲੀ ਹਾਈਕੋਰਟ ਦੇ ਸਾਬਕਾ ਜੱਜ, ਜਸਟਿਸ ਆਰ ਐਸ ਸੋਢੀ ਦਾ ਮੰਨਣਾ ਹੈ ਕਿ ਡਾ. ਜਸਪਾਲ ਸਿੰਘ ਦੇ ਕਾਰਜਕਾਲ ਨੂੰ ਚੌਥੀ ਵਾਰ ਵਧਾਏ ਜਾਣ ਦਾ ਪੰਜਾਬ ਸਰਕਾਰ ਦਾ ਫੈਸਲਾ, ਇਸ ਗਲ ਦਾ ਸਬੂਤ ਹੈ ਕਿ ਉਹ (ਡਾ. ਜਸਪਾਲ ਸਿੰਘ) ਆਪਣੀ ਜ਼ਿਮੇਂਦਾਰੀ ਬਹੁਤ ਹੀ ਨਿਸ਼ਠਾ ਅਤੇ ਸੁਚਜਤਾ ਨਾਲ ਨਿਭਾ ਰਹੇ ਹਨ।

ਜਸਟਿਸ ਸੋਢੀ ਅਨੁਸਾਰ ਡਾ. ਜਸਪਾਲ ਸਿੰਘ ਨੇ ਪੰਜਾਬੀ ਯੂਨੀਵਰਸਿਟੀ ਦੇ ਉਪ-ਕੁਲਪਤੀ ਦੇ ਰੂਪ ਵਿੱਚ ਜਿਥੇ ਯੂਨੀਵਰਸਿਟੀ ਦੇ ਕਦ ਨੂੰ ਵੱਧਾ, ਆਪਣੀ ਯੋਗਤਾ ਨੂੰ ਸਾਬਤ ਕੀਤਾ ਹੈ, ਉਥੇ ਹੀ ਉਨ੍ਹਾਂ ਨੇ ਪੰਜਾਬੀ ਭਾਸ਼ਾ ਨੂੰ ਸਨਮਾਨਤ ਕਰਨ ਦੇ ਖੇਤ੍ਰ ਵਿੱਚ ਵੀ ਪ੍ਰਭਾਵਸ਼ਾਲੀ ਭੂਮਿਕਾ ਅਦਾ ਕਰ, ਉਸ ਪ੍ਰਤੀ ਆਪਣੀ ਅਥਾਹ ਨਿਸ਼ਠਾ ਹੋਣ ਦਾ ਅਹਿਸਾਸ ਵੀ ਕਰਵਾਇਆ ਹੈ। ਜਿਸਦੇ ਲਈ ਉਹ ਵਧਾਈ ਅਤੇ ਕਾਰਜ-ਕਾਲ ਦੇ ਵਾਧੇ ਦੇ ਵੀ ਹਕਦਾਰ ਸਾਬਤ ਹੁੰਦੇ ਹਨ। ਉਨ੍ਹਾਂ ਕਿਹਾ ਕਿ ਡਾ. ਜਸਪਾਲ ਸਿੰਘ ਦਾ ਕਾਰਜਕਾਲ ਵੱਧਾ, ਪੰਜਾਬ ਸਰਕਾਰ ਨੇ ਉਨ੍ਹਾਂ ਦੀ ਯੋਗਤਾ ਦਾ ਜੋ ਸਨਮਾਨ ਕੀਤਾ ਹੈ, ਉਸਦੇ ਲਈ ਉਹ ਜ਼ਰੂਰ ਹੀ ਪ੍ਰਸ਼ੰਸਾ ਦੀ ਪਾਤਰ ਹੈ।

ਸਪੇਸ ਫਾਰ ਆਲ : ਦਸਿਆ ਗਿਆ ਹੈ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸੰਚਾਲਤ ਗੁਰਮਤਿ ਕਾਲਜ ਦੇ ਚੇਅਰਮੈਨ ਸ. ਹਰਿੰਦਰਪਾਲ ਸਿੰਘ ਦੀ ਪ੍ਰਧਾਨਗੀ ਹੇਠ 'ਸਪੇਸ ਫਾਰ ਆਲ' ਸੰਸਥਾ ਵਲੋਂ ਮਾਤਾ ਸੁੰਦਰੀ ਗੁਰਦੁਆਰੇ ਦੇ ਕੰਪਲੈਕਸ ਵਿੱਚ ਚਲ ਰਹੇ ਸਹਾਇਤਾ ਪ੍ਰਾਪਤ ਖਾਲਸਾ ਸਕੂਲ ਵਿੱਚ ਪੜ੍ਹ ਰਹੇ ਆਰਥਕ ਰੂਪ ਵਿੱਚ ਕਮਜ਼ੋਰ ਪਰਿਵਾਰਾਂ ਦੇ ਬੱਚਿਆਂ ਨੂੰ ਪ੍ਰਾਇਮਰੀ ਤੋਂ ਸੈਕੰਡਰੀ ਤਕ ਦੇ ਪ੍ਰਮੁੱਖ ਵਿਸ਼ਿਆਂ ਦੀ ਕੋਚਿੰਗ ਦੇਣ ਲਈ ਮਾਹਿਰ ਅਧਿਆਪਕਾਂ ਦੇ ਸਹਿਯੋਗ ਨਾਲ ਸਕੂਲ ਸਮੇਂ ਤੋਂ ਬਾਅਦ ਦੁਪਹਿਰ ਨੂੰ 'ਮੁਫਤ' ਕੋਚਿੰਗ ਦਿੱਤੇ ਜਾਣ ਦਾ ਪ੍ਰਬੰਧ ਕੀਤਾ ਗਿਆ ਹੋਇਆ ਹੈ। ਸ. ਹਰਿੰਦਰਪਾਲ ਸਿੰਘ ਅਨੁਸਾਰ ਇਨ੍ਹਾਂ ਬੱਚਿਆਂ ਨੂੰ ਰਿਫਰੈਸ਼ਮੈਂਟ ਵੀ ਦਿੱਤੀ ਜਾ ਰਹੀ ਹੈ ਅਤੇ ਸਰਦੀਆਂ ਵਿੱਚ ਛੋਟੇ ਬੱਚਿਆਂ ਲਈ ਗਰਮ ਕਪੜਿਆਂ ਦਾ ਪ੍ਰਬੰਧ ਵੀ ਕੀਤਾ ਜਾਂਦਾ ਹੈ।

ਵਿਰੋਧ ਲਈ ਵਿਰੋਧ : ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਕੌਮੀ ਮਤਿ ਪ੍ਰਧਾਨ ਅਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੀਨੀਅਰ ਮੈਂਬਰ ਜ ਉਂਕਾਰ ਸਿੰਘ ਥਾਪਰ ਨੇ ਸ਼੍ਰੋਮਣੀ ਅਕਾਲੀ ਦਲ ਦਿੱਲੀ (ਸਰਨਾ) ਦੇ ਮੁੱਖੀਆਂ ਨੂੰ ਸਲਾਹ ਦਿੱਤੀ ਹੈ ਕਿ ਉਹ ਕੇਵਲ ਵਿਰੋਧ ਲਈ ਵਿਰੋਧ ਕਰਨ ਦੀ ਨੀਤੀ ਛੱਡ, ਚੰਗੇ ਕੰਮਾਂ ਦੀ ਪ੍ਰਸ਼ੰਸਾ ਕਰਨ ਦੀ ਸੋਚ ਅਤੇ ਸਹਿਯੋਗ ਕਰਨ ਦੀ ਨੀਤੀ ਅਪਨਾਉਣ।

ਉਨ੍ਹਾਂ ਨੇ ਦਾਅਵਾ ਕੀਤਾ ਕਿ ਗੁਰਦੁਆਰਾ ਰਕਾਬ ਗੰਜ ਵਿੱਚ ਬਣਨ ਜਾ ਰਿਹਾ ਅੰਤਰਰਾਸ਼ਟਰੀ ਸਿੱਖ ਅਧਿਅਨ ਕੇਂਦ੍ਰ, ਜਿਥੇ ਕੌਮੀ ਪਨੀਰੀ ਨੂੰ ਸਿੱਖ ਦਰਸ਼ਨ ਤੋਂ ਜਾਣੂ ਕਰਵਾ ਉਸਨੂੰ ਆਪਣੇ ਵਿਰਸੇ ਨਾਲ ਜੁੜੇ ਰਹਿਣ ਲਈ ਪ੍ਰੇਰਿਤ ਕਰਨ ਵਿੱਚ ਸਫਲ ਹੋਵੇਗਾ, ਉਥੇ ਹੀ ਸਿੱਖ ਇਤਿਹਾਸ ਅਤੇ ਧਰਮ ਦਾ ਅਧਿਅਨ ਕਰਨ ਵਾਲਿਆਂ ਲਈ ਵੀ ਮਹੱਤਵਪੂਰਣ ਸਹਾਇਕ ਕੇਂਦ੍ਰ ਸਾਬਤ ਹੋਵੇਗਾ।

...ਅਤੇ ਅੰਤ ਵਿੱਚ : ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਸੰਗਠਨ ਸਕਤੱਰ ਜ. ਕੁਲਦੀਪ ਸਿੰਘ ਭੋਗਲ ਨੇ ਸਦਾ ਵਾਂਗ ਇਸ ਵਾਰ ਫਿਰ ਦਾਅਵਾ ਕੀਤਾ ਹੈ ਕਿ ਸਿੱਖ ਜਗਤ ਨਵੰਬਰ-84 ਦੇ ਸਿੱਖ ਕਤਲੇਆਮ ਦੀ ਸਾਜ਼ਿਸ਼ ਨੂੰ ਅੰਜਾਮ ਦੇਣ ਦੀ ਦੋਸ਼ੀ, ਕਾਂਗ੍ਰਸ ਨੂੰ ਕਦੀ ਮੁਆਫ ਨਹੀਂ ਕਰੇਗਾ। ਇਸਦੇ ਨਾਲ ਹੀ ਉਨ੍ਹਾਂ ਨੇ ਇਹ ਦਾਅਵਾ ਵੀ ਕੀਤਾ ਕਿ ਨਵੰਬਰ-84 ਦੀ ਸਿੱਖ ਨਸਲਕੁਸ਼ੀ ਦੇ ਜ਼ਖਮ ਹਰ ਸਿੱਖ ਦੇ ਦਿਲ ਵਿੱਚ ਅਜੇ ਤਕ ਤਾਜ਼ਾ ਚਲੇ ਆ ਰਹੇ ਹਂ, ਜਿਨ੍ਹਾਂ ਦੀਆਂ ਚੀਸਾਂ ਉਸਨੂੰ ਚੈਨ ਨਹੀਂ ਲੈਣ ਦਿੰਦੀਆਂ। ਉਨ੍ਹਾਂ ਨੇ ਕਿਹਾ ਕਿ ਉਸ ਗੁਨਾਹ, ਜਿਸ ਵਿੱਚ ਹਜ਼ਾਰਾਂ ਬੇਗੁਨਾਹ ਸਿੱਖ ਮਾਰੇ ਗਏ ਸਨ, ਵਿੱਚ ਸਮੇਂ ਦੀ ਕਾਂਗ੍ਰਸ ਸਰਕਾਰ ਦੀ ਪ੍ਰਮੁਖ ਭੂਮਿਕਾ ਹੋਣ ਤੋਂ ਕੋਈ ਕਿਵੇਂ ਇਨਕਾਰ ਕਰ ਸਕਦਾ ਹੈ, ਜਦੋਂ ਕਿ ਉਹ (ਕਾਂਗ੍ਰਸ) ਅਜੇ ਤਕ ਉਨ੍ਹਾਂ ਲੋਕਾਂ ਨੂੰ ਸਨਮਾਨਤ ਕਰਦੀ ਚਲੀ ਆ ਰਹੀ ਹੈ, ਜਿਨ੍ਹਾਂ ਨੇ ਉਸਦੇ ਇਸ ਗੁਨਾਹ ਵਿੱਚ ਸਰਗਰਮ ਸਹਿਯੋਗ ਕੀਤਾ ਸੀ।

# ਪਾਣੀ ਪ੍ਰਦੂਸਣ: ਚੰਗੀ ਰਣਨੀਤੀ ਜਰੂਰੀ

ਇੰਜੀ: ਸੰਜੀਵ ਸੈਣੀ



ਸੰਸਦ ਦੀ ਸੀਖਿਅਕ ਕਮੇਟੀ ਨੇ ਪਾਣੀ ਪ੍ਰਦੂਸਣ ਦੇ ਗੰਭੀਰ ਮੁੱਦੇ ਨੂੰ ਅਣਗੋਲਿਆ ਕਰਨ ਕਰਕੇ ਕੇਂਦਰ ਦੀ ਅਲੋਚਨਾ ਕੀਤੀ ਕਿਉਂਕਿ ਇਸ ਸਮੱਸਿਆ ਨਾਲ ਛੇ ਸੂਬਿਆ ਦੇ ਲਗਭਗ 7 ਕਰੋੜ ਲੋਕ ਪ੍ਰਭਾਵਿਤ ਹਨ। ਕਮੇਟੀ ਦੀ ਰਿਪੋਟ ਵਿੱਚ ਸਿਫਾਰਿਸ ਕੀਤੀ ਕਿ ਕਿ ਸਮਾਂ ਬੱਧ ਢੰਗ ਨਾਲ ਇੱਕ ਕੌਮੀ ਕ੍ਰਿਤਕ ਬਾਲ ਦੀ ਸਥਾਪਨਾ ਕੀਤੀ ਜਾਵੇ, ਜੋ ਇਸ ਮੁੱਦੇ ਤੇ ਕੰਮ ਕਰੇ ਤੇ ਨਾਲ ਹੀ ਇੱਕ ਕੇਂਦਰੀ ਫੰਡ ਬਣਾਇਆ ਜਾਵੇ। ਰਿਪੋਰਅ ਵਿੱਚ ਕਿਹਾ ਕਿ ਗਿਆ ਕਿ ਕਮੇਟੀ ਵੱਲੋਂ ਇਸ ਮੁੱਦੇ ਨੂੰ ਵਿਚਾਰ ਲਈ ਲਏ ਜਾਣ ਤੋਂ ਬਾਅਦ ਕੌਮ ਬਲ ਵਿਗਿਆਨ ਸੰਸਥਾ ਦੇ ਡਾਇਰੈਕਟਰ ਦੀ ਪ੍ਰਧਾਲਗੀ ਦੇ ਇੱਕ ਕਮੇਟੀ ਨੇ 15 ਅਕਤੂਬਰ 2014 ਨੂੰ ਇੱਕ ਰਿਪੋਰਟ ਪੇ ਕੀਤੀ ਕਿ ਹਰ ਇੱਕ ਸੂਬੇ ਦੇ ਇੱਕ ਆਰਸੇਨਿਕ ਕ੍ਰਿਤਕ ਫੋਰਸ ਹੋਵੇਗੀ ਤੇਂ ਕੇਂਦਰੀ ਪੱਧਰ ਤੇ ਇੱਕ ਆਰਸੇਨਿਕ ਮਿਸਨ ਕ੍ਰਿਤਕ ਫੋਰਸ ਹੋਵੇਗੀ। ਇਹ ਦੇਸ ਦੇ ਪਾਣੀ ਪ੍ਰਦੂਸਣ ਦੀ ਭਿਆਨਕ ਸਥਿਤੀ ਨੂੰ ਦਰਸਾਉਂਦਾ ਹੈ। ਕਮੇਟੀ ਨੇ ਸੁਝਾਅ ਦਿੱਤਾ ਕਿ ਪੀਣ ਵਾਲੇ ਪਾਣੀ ਚ ਆਰਸੈਨਿਕ ਦੀ ਹੱਦ ਚ ਢਿੱਲ ਨੂੰ ਖਤਮ ਕੀਤੀ ਜਾਏ। ਕੇਂਦਰ ਨੇ ਹਾਲ ਹੀ ਵਿੱਚ ਕੋਲਕਾਤਾ ਵਿੱਚ ਪੀਣੇ ਵਾਲੇ ਪਾਣੀ ਕੌਮਾਂਤਰੀ ਕੇਂਦਰ ਸਥਾਪਿਤ ਕਰਨ ਦੀ ਮਨਜੂਰੀ ਦਿੱਤੀ ਹੈ। ਪਰ ਇਯ ਤੋਂ ਬਾਅਦ ਇਸ ਸਬੰਧ ਵਿੱਚ ਖਾਸ ਤਰੱਕੀ ਨਹੀਂ ਹੋਈ ਹੈ। ਇਹ ਉਮੀਦ ਕੀਤੀ ਜਾ ਰਹੀ ਸੀ ਕਿ ਕੇਂਦਰ ਸਰਕਾਰ ਇਸ ਸਬੰਧੀ ਡੂੰਘਾ ਅਧਿਐਨ ਕਰਵਾਏਗੀ ਤੇ ਦੱਖਣੀ ਏਸੀਆ ਦੇ ਸਾਰੇ ਗੁਆਂਢੀ ਦੇਸਾਂ ਤੇ ਹੋਰ ਦੇਸਾਂ ਨੂੰ ਪਾਣੀ ਸਬੰਧੀ ਮੁੱਦਿਆਂ ਤੇ ਸਿੱਖਿਅਤ ਤੇ ਸਲਾਹ ਦੇਵੇਗੀ। ਇਸ ਸੰਸਥਾ ਨੂੰ ਪੀਣ ਵਾਲੇ ਪਾਣੀ, ਤਕਨੀਕੀ ਪਾਣੀ ਪ੍ਰਦੂਸਣ ਦੇ ਸਿਹਤ ਤੇ ਪ੍ਰਭਾਵ ਵਿਸੇਸ ਕਰਕੇ ਪਾਣੀ ਚ ਆਰਸੈਨਿਕ ਫਲੋਰਾਇਡ ਤੇ ਹੋਰ ਆਰਸੈਨਿਕ ਪ੍ਰਦੂਸਣ ਦੇ ਸਿਹਤ ਤੇ ਪ੍ਰਭਾਵ ਸਬੰਧੀ ਖੋਜ ਕਰੇਗਾ ਤੇ ਇਹ ਹੋਰ ਵਿਗਿਆਨ ਸੰਸਥਾਵਾਂ ਤੇ ਯੂਨੀਵਰਸਿਟੀਆਂ ਨਾਲ ਵੀ ਤਾਲਮੇਲ ਬਣਾਏਗਾ।

ਸਾਰੇ ਜਾਣਦੇ ਹਨ ਕਿ ਬੰਗਾਲ ਤੇ ਪੂਰਬੀ ਭਾਰਤ ਤੇ ਬੰਗਲਾ ਦੇਸ 'ਚ ਧਰਤੀ ਹੇਠਲੇ ਪਾਣੀ ਚ ਰਸਾਇਣਾਂ ਦੀ ਵੱਧ ਮਾਤਰਾ ਹੈ। ਬੰਗਾਲ ਤੇ 6 ਹੋਰ ਸੂਬਿਆ ਚ ਲੱਗਭਗ 1 ਕਰੋੜ ਲੋਕ ਆਰਸੈਨਿਕ ਤੋਂ ਪ੍ਰਭਾਵਿਤ ਹਨ। ਦੇਸ ਦੇ 19 ਸੂਬਿਆਂ ਚ **(ਬਾਕੀ ਸਫਾ 21 ਤੇ)**

# ਸ਼ਹੀਦ ਭਾਈ ਸੰਗਤ ਸਿੰਘ ਯੋਧੇ ਦੀ ਵਿਲੱਖਣ ਬੀਰ ਗਾਥਾ

ਉਹ ਕੌਣ ਸੀ, ਜਿਸਨੇ ਮੇਰੀ ਅਣਖ ਨੂੰ ਤਾੜੀ ਮਾਰ ਕੇ, ਉੱਚੀ ਬੋਲ ਕੇ ਵੰਗਾਰਿਆ ਸੀ? ਏਨੀ ਸੈਨਾ ਵੀ ਮਰ ਗਈ, ਲਾਸ਼ਾਂ ਉੱਤੇ ਲਾਸ਼ਾਂ ਪਈਆਂ ਹੋਈਆਂ ਹਨ ਪਰ ਗੁਰੂ ਅਜੇ ਵੀ ਜਿਊਂਦਾ ਹੈ? ਹੇ ਖੁਦਾ! ਇਹ ਸਿੰਘ ਕਿਸ ਮਿੱਟੀ ਦੇ ਬਣੇ ਹੋਏ ਹਨ। ਇਨ੍ਹਾਂ ਨੂੰ ਨਾਂ ਤਾਂ ਭੁੱਖ-ਪਿਆਸ ਲਗਦੀ ਹੈ ਅਤੇ ਨਾਂ ਹੀ ਇਹ ਕਿਸੇ ਤੋਂ ਡਰਦੇ ਹਨ। ਜੇ ਅਸੀਂ ਇਨ੍ਹਾਂ ਨੂੰ ਲਲਕਾਰਦੇ ਹਾਂ ਤਾਂ ਸਾਡੀ ਸ਼ਾਹ ਰਗ ਨੂੰ ਐਸਾ ਹੱਥ ਪਾਉਂਦੇ ਹਨ ਕਿ ਕਿਸੇ ਨੂੰ ਜਿਉਂਦਾ ਵਾਪਸ ਮੁੜਨ ਹੀ ਨਹੀਂ ਦਿੰਦੇ। ਗਿਣਤੀ ਦੇ ਕੁਝ ਦਰਜਨ ਕੁ ਸਿੰਘਾਂ ਨੇ ਸਾਡੀ ਫੌਜ ਲੱਗਭਗ ਖਤਮ ਹੀ ਕਰ ਦਿੱਤੀ ਹੈ। ਵੱਡੇ-ਵੱਡੇ ਸੈਨਾਪਤੀ ਨਹੀਂ ਰਹੇ। ਵਜ਼ੀਰ ਖਾਨ ਦੇ ਕਮਾਂਡਰ ਇਕੱਠੇ ਹੋਏ, ਸੈਨਾਪਤੀ ਨੂਰ ਖਾਂ ਨੇ ਕਿਹਾ ਕਿ ਸਿੱਖਾਂ ਵਿੱਚ ਕੋਈ ਜਾਦੂਈ ਸ਼ਕਤੀ ਕੰਮ ਕਰਦੀ ਹੈ। ਗੁਰੂ ਦੀ ਸ਼ਕਤੀ ਦਾ ਤਾਂ ਅੰਦਾਜ਼ਾ ਹੀ ਬੇਹਿਸਾਬ ਹੈ, ਉਸਦੇ ਤਾਂ ਸਿੱਖ ਹੀ ਸਾਡੀ ਪੇਸ਼ ਨਹੀਂ ਜਾਣ ਦਿੰਦੇ। ਸਿੱਖਾਂ ਦਾ ਗੁਰੂ ਜੇਕਰ ਇੱਕ ਤੀਰ ਮਾਰਦਾ ਹੈ ਤਾਂ ਸਾਡੇ ਚਾਰ-ਚਾਰ, ਪੰਜ-ਪੰਜ ਸੂਰਮਿਆਂ ਨੂੰ ਵਿੰਨ੍ਹ ਦਿੰਦਾ ਹੈ। ਤਾਹੀਓਂ ਤਾਂ ਸਾਨੂੰ ਇਨ੍ਹਾਂ ਸਿੰਘਾਂ ਤੋਂ ਡਰ ਲੱਗਦਾ ਹੈ। ਵਜ਼ੀਰ ਖਾਨ ਨੇ ਆਪਣੇ ਇਕੱਠੇ ਹੋਏ ਸੈਨਾਪਤੀਆਂ ਨੂੰ ਆਖਿਆ ਚਾਹੇ ਕੁਝ ਵੀ ਹੈ, ਸਾਨੂੰ ਹਮਲਾ ਤਾਂ ਕਰਨਾ ਹੀ ਪਵੇਗਾ। ਆਖਰੀ ਵੇਰ ਦਾ ਇੱਕ ਕਹਿਰੀ ਹੱਲਾ ਬੋਲ ਦਿਓ ਤੇ ਇਹ ਹੱਲਾ ਐਸਾ ਧਮਾਕੇਦਾਰ ਧੜੱਲੇ ਨਾਲ ਕਰੋ ਕਿ ਆਰ-ਪਾਰ ਦੀ ਲੜਾਈ ਹੋ ਜਾਵੇ। ਮੁੱਠੀ ਭਰ ਸਿੰਘ ਹੁਣ ਬਚ ਕੇ ਨਾ ਜਾਣ! ਆਓ ਹੱਥੀਂ ਪਕੜ ਲਓ।

ਏਧਰ ਗੁਰੂ ਕੇ ਸਿੰਘਾਂ ਨੂੰ ਭਿਣਕ ਪੈ ਗਈ। ਨਿਰਭੈ ਯੋਧੇ ਭਾਈ ਸੰਗਤ ਸਿੰਘ ਜੀ, ਹਵੇਲੀ ਦੇ ਬਾਹਰੀ ਦਰਵਾਜ਼ੇ ਲਾਗੇ ਖੜ੍ਹੇ, ਬਾਕੀ ਸਾਥੀ ਸਿੰਘਾਂ ਦੇ ਕੋਲ ਆ ਗਏ। ਸਤਿਗੁਰੂ ਜੀ ਦੇ ਚਰਨਾਂ ਵਿੱਚ ਅਰਦਾਸ ਕਰਕੇ, ਹਵੇਲੀ ਦਾ ਬੂਹਾ ਖੋਲ੍ਹ, ਸਿੰਘ "ਸਤਿ ਸ੍ਰੀ ਅਕਾਲ" ਦਾ ਜੈਕਾਰਾ ਬੁਲਾ ਕੇ, ਮੁਗਲ ਫੌਜਾਂ ਤੇ ਟੁੱਟ ਪਏ। ਤੇਗਾਂ ਨਾਲ ਤੇਗਾਂ ਇਸ ਤਰ੍ਹਾਂ ਟਕਰਾਉਣ ਲੱਗੀਆਂ ਜਿਵੇਂ ਅਸਮਾਨੀ ਬਿਜਲੀ ਕਾਲੇ ਬੱਦਲਾਂ ਵਿੱਚ ਚਮਕਦੀ ਹੈ। ਸਿੰਘਾਂ ਦੇ ਜੈਕਾਰਿਆਂ ਨਾਲ ਧਰਤੀ ਗੂੰਜ ਉੱਠੀ। ਸਿੰਘਾਂ ਦਾ ਏਨਾ ਜ਼ਬਰਦਸਤ ਹੱਲਾ ਹੋਣ ਨਾਲ ਮੁਗਲ ਸੈਨਿਕ ਧੜਾ-ਧੜ ਧਰਤੀ 'ਤੇ ਡਿੱਗਣ ਲੱਗ ਪਏ। ਕਿਸੇ ਦੀ ਲੱਤ, ਕਿਸੇ ਦੀ ਬਾਂਹ, ਕਿਸੇ ਦਾ ਸਿਰ, ਕਿਸੇ ਦਾ ਧੜ ਕੱਟਿਆ ਹੋਇਆ ਸੀ ਤੇ ਉਹ ਕੁਰਲਾ ਰਹੇ ਸਨ। ਭਾਈ ਸੰਗਤ ਸਿੰਘ ਜੀ ਸਿੰਘਾਂ ਦੇ ਸੈਨਾਪਤੀ ਦੇ ਰੂਪ ਵਿੱਚ ਲਲਕਾਰੇ ਮਾਰ ਰਹੇ ਸਨ ਇਸ ਬਹਾਦਰ ਯੋਧੇ ਦੀ ਤਲਵਾਰ ਦਾ ਵਾਰ ਕੋਈ ਵੀ ਨਹੀਂ ਸੀ ਸਹਾਰ ਸਕਦਾ। ਭਾਈ ਸੰਗਤ ਸਿੰਘ ਦੀ ਕਮਾਂਡ ਹੇਠ ਲੜਦੇ ਹੋਏ ਸਾਰੇ ਸਿੰਘ ਬੁਰੀ ਤਰ੍ਹਾਂ ਫੱਟੜ ਹੋ ਗਏ।

ਮੁਗਲ ਫੌਜਾਂ ਦਾ ਕਹਿਰੀ ਹੱਲਾ ਵਧੇਰੇ ਕਰਕੇ ਭਾਈ ਸੰਗਤ ਸਿੰਘ ਦੇ ਉੱਪਰ ਹੀ ਸੀ ਕਿਉਂਕਿ ਉਹ ਗੁਰੂ ਗੋਬਿੰਦ ਸਿੰਘ ਲਗਦੇ ਸਨ ਇਉਂ ਚਮਕੌਰ ਦੇ ਇਸ ਘਮਸਾਣ ਯੁੱਧ ਵਿੱਚ ਭਾਈ ਸੰਗਤ ਸਿੰਘ ਜੀ ਵੀ ਬਾਕੀ ਸਿੰਘਾਂ ਦੇ ਨਾਲ ਸ਼ਹੀਦੀ ਪ੍ਰਾਪਤ ਕਰ ਗਏ।

ਭਾਈ ਸੰਗਤ ਸਿੰਘ ਜੀ ਦੀ ਜੀਵਨੀ ਇੱਕ ਉੱਚੇ-ਸੁੱਚੇ ਗੁਰਸਿੱਖ ਦੀ ਜੀਵਨ-ਕਥਾ ਹੈ। ਆਪ ਜੀ ਜਿੱਥੇ ਗੁਰੂ ਦਸਮੇਸ਼ ਪਿਤਾ ਦੇ ਪੂਰੇ ਵਿਸ਼ਵਾਸ਼ਪਾਤ੍ਰ ਤੇ ਆਗਿਆਕਾਰੀ ਸਨ ਉੱਥੇ ਸਿੱਖ ਸੰਗਤਾਂ ਪ੍ਰਤੀ ਵੀ ਆਪ ਜੀ ਦਾ ਅਥਾਹ ਪਿਆਰ ਸੀ। ਆਪ ਜੀ ਗੁਰਬਾਣੀ ਪ੍ਰੇਮੀ ਅਤੇ ਨਾਮ-ਰਸੀਏ ਵੀ ਸਨ। ਸੋ ਸਿੱਖ ਇਤਿਹਾਸ ਵਿੱਚ ਜਿੱਥੇ ਵੀ ਗੁਰੂ ਗੋਬਿੰਦ ਸਿੰਘ ਜੀ ਦੇ ਬਹਾਦਰ ਯੋਧਿਆਂ ਤੇ ਵਫਾਦਾਰ ਸਿੰਘਾਂ ਦੀ ਗੱਲ ਚੱਲੇਗੀ ਉੱਥੇ ਭਾਈ ਸੰਗਤ ਸਿੰਘ ਜੀ ਦਾ ਨਾਮ ਵੀ ਬੜੇ ਮਾਨ ਨਾਲ ਲਿਆ ਜਾਵੇਗਾ। ਭਾਈ ਸੰਗਤ ਸਿੰਘ ਭਾਈ ਨਾਂ ਕਿ ਬਾਬਾ ਹੋਣ ਬਾਰੇ ਕੁਝ ਇਤਿਹਾਸਕ ਹਵਾਲੇ ਕਈ ਲੇਖਕ ਸ਼ਰਧਾ ਵੱਸ, ਦੇਖਾ ਦੇਖੀ ਜਾਂ ਸੁਣੀ ਸਾਣਾਈ ਕਹਾਣੀ ਮੁਤਾਬਿਕ ਭਾਈ ਸੰਗਤ ਸਿੰਘ ਜੀ ਨੂੰ ਬਾਬਾ ਸੰਗਤ ਸਿੰਘ ਲਿਖ ਰਹੇ ਹਨ।

ਯਾਦ ਰਹੇ ਕਿ ਇਹ ਬਾਬਾ ਲਫਜ ਵਿਸ਼ੇਸ਼ ਕਰਕੇ ਬਾਬਾ ਨਾਨਕ ਸਾਹਿਬ ਜੀ, ਬਾਬਾ ਬੁੱਢਾ ਜੀ, ਚਾਰੇ ਸਾਹਿਬਜਾਦਿਆਂ, ਬਾਬਾ ਬੰਦਾ ਸਿੰਘ ਬਹਾਦਰ, ਬਾਬਾ ਦੀਪ ਸਿੰਘ ਸ਼ਹੀਦ ਆਦਿਕ ਨਾਲ ਇਤਿਹਾਸ ਵਿਖੇ ਆਇਆ ਹੈ ਪਰ ਭਾਈ ਸ਼ਬਦ ਭਾਈ ਮਰਦਾਨਾਂ, ਭਾਈ ਭਗੀਰਥ, ਭਾਈ ਗੁਰਦਾਸ, ਭਾਈ ਬਿਧੀ ਚੰਦ, ਭਾਈ ਮਤੀ ਦਾਸ, ਭਾਈ ਜੈਤਾ ਜੀ, ਪੰਜਾਂ ਪਿਆਰਿਆਂ, ਭਾਈ ਮਨੀ ਸਿੰਘ ਸਮੇਤ ਬਹੁਤੇ ਸਿੰਘਾਂ ਨਾਲ ਆਇਆ ਤੇ ਆ ਰਿਹਾ ਹੈ।

ਭਾਈ ਕੋਇਰ ਸਿੰਘ-ਗੁਰ ਬਿਲਾਸ ਪਾਤਸ਼ਾਹੀ ਦਸਵੀਂ ਜਿਸ ਦਾ ਰਚਨਾ ਕਾਲ 1751 ਸੰਨ ਹੈ ਵਿੱਚ ਲਿਖਦੇ ਹਨ ਕਿ ਜ੍ਹਿਗਾ ਕਲਗੀ ਸੰਗਤ ਸਿੰਘ ਬੰਗੇਸਰੀ ਨੂੰ ਬਖਸੀ। ਭਾਈ ਸੁੱਖਾ ਸਿੰਘ-ਗੁਰ ਬਿਲਾਸ ਪਾਤਸ਼ਾਹੀ ਦਸਵੀਂ ਰਚਨਾ ਕਾਲ 1797 ਵਿੱਚ ਲਿਖਦੇ ਹਨ ਕਿ ਜ੍ਹਿਗਾ ਕਲਗੀ ਦੀ ਬਖਸ਼ਿਸ਼ ਭਾਈ ਸੰਗਤ ਸਿੰਘ ਨੂੰ ਹੋਈ। ਭਾਈ ਤੇਜਾ ਸਿੰਘ ਸੋਢੀ-ਤਵਾਰੀਖ ਗੁਰੂ ਖਾਲਸਾ ਦੇ ਸਫਾ 503 ਤੇ ਲਿਖਦੇ ਹਨ ਕਲਗੀ ਬਸਤਰ ਸੰਗਤ ਸਿੰਘ ਨੂੰ ਦੇ ਕੇ ਆਪਣਾ ਰੂਪ ਬਖਸ਼ ਦਿੱਤਾ। ਗਿ. ਗਿਆਨ ਸਿੰਘ-ਤਵਾਰੀਖ ਗੁਰੂ ਖਾਲਸਾ ਦੇ ਸਫਾ 1016 ਤੇ ਲਿਖਦੇ ਹਨ ਕਿ ਭਾਈ ਸੰਗਤ ਸਿੰਘ ਜੋ ਐਨ-ਹੂ-ਬ-ਹੂ ਗੁਰੂ ਕੇ ਸਰੂਪ ਵਾਲਾ ਸੀ ਨੂੰ ਆਪਣੀ ਜਗਾ ਤੇ ਬਿਠਾ ਕੇ ਆਪਣਾ ਸਾਰਾ ਪੁਸ਼ਾਕਾ ਜ੍ਹਿਗਾ ਕਲਗੀ ਸਮੇਤ ਪਹਿਨਾ ਦਿੱਤਾ ਅਤੇ ਅਰਦਾਸਾ ਸੋਧਿਆ ਤੇ ਕਿਹਾ ਕਿ ਮੈਂ ਅੱਜ ਤੋਂ ਖਾਲਸੇ ਨੂੰ ਗੁਰਿਆਈ ਦੀ ਪਦਵੀ ਦਿੱਤੀ। ਗਿ. ਸੋਹਨ ਸਿੰਘ ਸੀਤਲ-ਗੁਰ ਇਤਿਹਾਸ ਦਸ ਪਾਤਸ਼ਾਹੀਆਂ ਸਫਾ 349 ਤੇ, ਭਾਈ ਸੰਗਤ ਸਿੰਘ ਜੀ ਦੇ ਸੀਸ ਤੇ ਕਲਗੀ ਸਜਾ ਕੇ ਆਪਣਾ ਪੌਸ਼ਾਕਾ ਪਹਿਨਾ ਕੇ ਸਿੰਘਾਸਨ ਤੇ ਬਿਠਾ ਦਿੱਤਾ।

ਪ੍ਰਿੰ. ਸਤਬੀਰ ਸਿੰਘ-ਸਿੱਖ ਇਤਿਹਾਸ ਭਾਗ ਪਹਿਲਾ ਦੇ ਸਫਾ 349 ਤੇ ਲਿਖਦੇ ਹਨ ਗੁਰੂ ਗੋਬਿੰਦ ਸਿੰਘ ਜੀ ਨੇ ਪੰਥ ਦਾ ਹੁਕਮ ਮੰਨ ਕੇ ਭਾਈ ਸੰਗਤ ਸਿੰਘ ਨੂੰ ਕਲਗੀ ਦੇ ਗੜੀ ਛੱਡਣਾ ਪਰਵਾਨ ਕਰ ਲਿਆ।

ਪ੍ਰੋ. ਹਰਿੰਦਰ ਸਿੰਘ ਮਹਿਬੂਬ-ਸਹਿਜੇ ਰਚਿਓ ਖਾਲਸਾ ਦੇ ਸਫਾ 410 ਤੇ ਵੀ ਕਲਗੀ ਸੰਗਤ ਸਿੰਘ ਦੇ ਸੀਸ ਤੇ ਸਜਾਉਣ ਬਾਰੇ ਲਿਖਦੇ ਹਨ। ਡਾ. ਅਨੂਪ ਸਿੰਘ-ਦਾਰਸ਼ਨਿਕ ਯੋਧਾ ਗੁਰੂ ਗੋਬਿੰਦ ਸਿੰਘ ਦੇ ਸਫਾ 196 ਤੇ ਲਿਖਦੇ ਹਨ ਕਿ ਭਾਈ ਸੰਗਤ ਸਿੰਘ ਦੀ ਸ਼ਕਲ ਸੂਰਤ ਤੇ ਕੱਦ ਗੁਰੂ ਜੀ ਨਾਲ ਰਲਦਾ ਮਿਲਦਾ ਸੀ ਇਸ ਲਈ ਉਸ ਨੂੰ ਕਲਗੀ ਸਜਾਈ ਅਤੇ ਗੜ੍ਹੀ ਵਿਚਲੇ ਸਿੰਘਾਂ ਨੂੰ ਆਦੇਸ਼ ਦਿੱਤਾ ਕਿ ਸਾਡੇ ਨਿਕਲਣ ਸਮੇ ਨਗਾਰਾ ਵਜਾਉਂਦੇ ਰਹਿਣਾ ਅਤੇ ਦੁਸ਼ਮਣਾ ਵੱਲੋਂ ਕੀਤੇ ਜਾਂਦੇ ਵਾਰਾਂ ਦਾ ਮੂੰਹ ਤੋੜ ਜੁਆਬ ਦਿੰਦੇ ਰਹਿਣਾ ਤਾਂ ਜੋ ਦੁਸ਼ਮਣਾ ਨੂੰ ਗੜੀ ਵਿੱਚ ਬਹੁਤੇ ਸਿੰਘ ਹੋਣ ਦਾ ਭੁਲੇਖਾ ਬਣਿਆ ਰਹੇ। ਗਿ. ਗੁਰਚਰਨ ਸਿੰਘ ਜੀਵਨ ਕਥਾ ਗੁਰੂ ਗੋਬਿੰਦ ਸਿੰਘ ਜੀ ਸਫਾ 101 ਤੇ ਲਿਖਦੇ ਹਨ ਕਿ ਗੁਰੂ ਸਾਹਿਬ ਜੀ ਨੇਂ ਆਪਣੇ ਬਸਤਰ ਤੇ ਜਿਗ੍ਹਾ ਕਲਗੀ ਭਾਈ ਸੰਗਤ ਸਿੰਘ ਨੂੰ ਪਹਿਨਾ ਦਿੱਤੀ।

## ਮੇਜਰ ਸਿੰਘ 'ਬੁਢਲਾਡਾ' ਦੀਆਂ ਕੁਝ ਰਚਨਾਵਾਂ

# 'ਮਾਤਾ ਗੁਜ਼ਰੀ' ਸਮਝਾਵੇ 'ਪੋਤਿਆਂ' ਨੂੰ,



'ਮਾਤਾ ਗੁਜ਼ਰੀ' ਸਮਝਾਵੇ 'ਪੋਤਿਆਂ' ਨੂੰ,
ਜਦ ਕਚਿਹਰੀ 'ਸੂਬੇ' ਦੀ ਜਾਵਣਾਂ ਏ।

ਦੇਖਿਓ ਆਕੇ ਲਾਲਚ ਜਾਂ ਖੌਫ਼ ਅੰਦਰ,
ਤੁਸੀਂ ਦਾਗ਼ ਨਾ ਧਰਮ ਨੂੰ ਲਾਵਣਾਂ ਏ।

-----

ਅੱਗੋ ਬੱਚਿਆਂ ਦਾਦੀ ਨੂੰ ਜਵਾਬ ਦਿੱਤਾ,
ਭਾਂਵੇ ਅਸੀਂ ਹਾਂ ਛੋਟੇ ਬਾਲ ਮਾਤਾ!
ਨਹੀਂ ਡੋਲਣਾਂ ਅੱਗੇ ਜਾਲਮਾਂ ਦੇ,
ਜੋ ਮਰਜੀ ਕਰਨ ਓਹ ਸਾਡੇ ਨਾਲ ਮਾਤਾ!
ਅਸੀਂ ਪੁੱਤਰ ਹਾਂ ਗੁਰੂ ਗੋਬਿੰਦ ਸਿੰਘ ਦੇ ਜੀ,
ਪੂਰਾ ਰੱਖਾਂਗੇ ਧਰਮ ਦਾ ਖਿਆਲ ਮਾਤਾ!
ਅਸੀਂ ਡਰਾਂਗੇ ਜ਼ਰਾ ਨਾ ਜ਼ਾਲਮਾਂ ਤੋਂ,
ਵਾਅਦਾ ਕਰਦੇ ਹਾਂ ਤੁਸਾਂ ਦੇ ਨਾਲ ਮਾਤਾ!

## 'ਮੋਤੀ ਮਹਿਰਾ ਦੀ ਕੁਰਬਾਨੀ'

ਬਾਬਾ ਮੋਤੀ ਮਹਿਰਾ ਨੇ ਠੰਡੇ ਬੁਰਜ਼ ਅੰਦਰ,
ਮਾਤਾ ਤੇ ਬੱਚਿਆਂ ਦਾ ਕੀਤਾ ਸਤਿਕਾਰ ਲੋਕੋ!
ਜਿਨੀ ਹੋ ਸਕੀ ਇਹਨੇ ਕਰੀ ਸੇਵਾ,
ਦੁੱਧ ਪਿਲਾਉਂਦਾ ਰਿਹਾ ਨਾਲ ਪਿਆਰ ਲੋਕੋ!
ਜਦ ਮਾਤਾ-ਬੱਚੇ ਰੱਬ ਨੂੰ ਹੋਏ ਪਿਆਰੇ,
ਚੰਨਣ ਲਿਆਂਦੀ ਕਰਨ ਲਈ ਸੰਸਕਾਰ ਲੋਕੋ!
ਮੇਜਰ ਜਦ ਪਤਾ ਲੱਗ ਗਿਆ ਜਾਲਮਾ ਨੂੰ,
ਕੋਹਲੂ ਪੀੜ ਦਿੱਤਾ ਸਣੇ ਪਰਿਵਾਰ ਲੋਕੋ!



ਮੇਜਰ ਸਿੰਘ 'ਬੁਢਲਾਡਾ'
91-94176 42327

## ਪੜ੍ਹੀਏ ਅਖ਼ਬਾਰ ਕਿੱਦਾਂ?



ਤਰਲੋਚਨ ਸਿੰਘ
'ਦੁਪਾਲ ਪੁਰ'
001-408-915-1268

ਪੜ੍ਹ ਲਿਖ ਕੇ ਨੌਕਰੀਆਂ ਮੰਗਦੇ ਨੇ
ਚੜ੍ਹੇ ਟੈਂਕੀਆਂ 'ਤੇ ਬੇ-ਰੁਜ਼ਗਾਰ ਯਾਰੋ।

ਪੱਗਾਂ ਲਾਹਵੇ ਤੇ ਚੁੰਨੀਆਂ ਗਲੀਂ ਪਾਵੇ
ਪੁਲਿਸ ਕਰੇ ਜਲੀਲ-ਖੁਆਰ ਯਾਰੋ।

ਧੀਆਂ-ਭੈਣਾਂ ਦਾ ਜੀਣਾ ਮੁਹਾਲ ਹੋਇਆ
ਇੱਜਤਾਂ ਲੁਟਦੀਆਂ ਸ਼ਰੇ-ਬਜ਼ਾਰ ਯਾਰੋ।

ਜੇਲ੍ਹੀਂ ਸੁੱਟਦੇ ਚੁੱਕ ਵਿਰੋਧੀਆਂ ਨੂੰ
ਹਾਕਮ-ਧਿਰਾਂ ਦਾ ਅੱਤਿਆਚਾਰ ਯਾਰੋ।

ਗੂੜ੍ਹੀ ਯਾਰੀ ਜਦ 'ਉਤਲਿਆਂ' ਨਾਲ ਹੋਵੇ
ਜ਼ੁਲਮ ਕਰਨ ਤੋਂ ਰੁਕਣ ਬਦਕਾਰ ਕਿੱਦਾਂ?

ਦਿਲ-ਲੂੰਹਦੀਆਂ ਖਬਰਾਂ ਦੇ ਨਾਲ ਭਰਿਆ
ਪੜ੍ਹੀਏ ਰੋਜ ਦੀ ਰੋਜ ਅਖਬਾਰ ਕਿੱਦਾਂ?

## ਇਕ ਮੂਰਤ

ਡਾ. ਸਰਦੂਲ ਸਿੰਘ

ਇਕ ਮੂਰਤ ਮੇਰੇ ਮਨ ਵਿਚ ਵੱਸੇ
ਬਾਪੂ ਵਰਗੀ, ਬੇਬੇ ਵਰਗੀ
ਉਬੜ-ਖਾਬੜ, ਟੇਡੇ-ਮੇਡੇ
ਜੀਵਨ ਪੱਥ ਤੇ ਉਂਗਲ ਫੜਕੇ
ਤੁਰਨਾ ਸਿਖਾਏ,
ਅਭੇਦ ਟੀਚੇ ਨੂੰ ਸੇਧ ਲਗਾ ਕੇ
ਭੇਦਣਾ ਦੱਸੇ।
ਇਕ ਮੂਰਤ ਮੇਰੇ ਮਨ ਵਿਚ ਵੱਸੇ
ਯਾਰਾਂ ਮਸਤ ਬਹਾਰਾਂ ਵਰਗੀ
ਭਰ-ਭਰ ਮਸਤ ਪਿਆਲੇ ਪੀ ਕੇ
ਪਿੱਠ ਮੇਰੀ ਨੂੰ ਥਪ-ਥਪਾ ਕੇ
ਮੇਰੀ ਖਾਤਰ ਮੈਥੋਂ ਅੱਗੇ,
ਮੈਦਾਨੇਜੰਗ 'ਚ ਲੜਦੀ ਹੱਸੇ।

ਇਕ ਮੂਰਤ ਮੇਰੇ ਮਨ ਵਿਚ ਵੱਸੇ
ਮੇਰੀ ਸ਼ੋਖ ਮਹਿਬੂਬਾ ਵਰਗੀ
ਸਰਦ ਕਾਲੀਆਂ ਰਾਤਾਂ ਦੇ ਵਿਚ
ਇਕੱਲਿਆਂ ਆ ਕੇ
ਕਰ ਕੇ ਟਕੋਰ ਕੋਸੇ ਸਾਹਾਂ ਦੀ
ਮੇਰੇ ਤਨ-ਮਨ ਨੂੰ ਗਰਮਾ ਕੇ
ਮੈਨੂੰ ਘੁੱਟ ਗਲਵਕੜੀ ਪਾ ਕੇ
ਕੰਨਾਂ ਦੇ ਵਿਚ ਫੁਸਫੁਸਾ ਕੇ
ਖਿੜ-ਖਿੜ ਹੱਸੇ।

## ਪੱਥਰ ਦਿਲ ਲੋਕ



ਕਸ਼ਮੀਰ ਘੇਸਲ
9463656046

ਸੱਧਰਾਂ ਦੇ ਹਮਸਾਏ ਲੋਕ।
ਮਹਿਕਾਂ ਦੇ ਤ੍ਰਿਹਾਏ ਲੋਕ।
ਪੀੜਾਂ ਲੱਦੀ ਧਰਤੀ ਉੱਤੇ,
ਸ਼ੇਸ਼ ਨਾਗ ਤੜਫਾਏ ਲੋਕ।
ਲੂਤੀ ਲਾਉਂਦੇ ਸ਼ਾਮ ਸਵੇਰੇ,
ਅਪਣੇ ਅਤੇ ਪਰਾਏ ਲੋਕ।
ਅੱਗ ਦੀ ਵੰਨਗੀ
ਹੁਸਨ ਤੇਰੇ ਨੇ,
ਬਦਨਸੀਬ ਭਰਮਾਏ ਲੋਕ।
ਕੋਈ ਨਾ ਇੱਥੇ ਸੰਗੀ ਸਾਥੀ,
ਮਿਲਦੇ ਸੱਭ ਪਰਾਏ ਲੋਕ।
ਸਾਕੀ ਮੇਰੀ ਖ਼ਾਤਿਰ ਕਰਦੈ,
ਔਂਤਰੇ ਛਟਪਟਾਏ ਲੋਕ।
ਪਲੋਸ ਕੇ ਮੱਥਾ ਕਿਸ ਦਾ ਚੁੰਮਾਂ,
ਸੱਭ ਮਿਰੇ ਅਜਮਾਏ ਲੋਕ।
ਪਤਾ ਨਹੀਂ ਇਸ ਰਬ ਨੇ ਕਿਉਂ,
ਪਥੱਰ ਦਿਲ ਬਣਾਏ ਲੋਕ।
ਜੀਂਦੇ ਜੀ ਨਾ ਪੁਛਿਆ 'ਘੇਸਲ'
ਮੋਇਆਂ ਬਾਅਦ ਕੁਮਲਾਏ ਲੋਕ।

## ਸੋਹਣਾ ਮਨਮੋਹਣਾ ਪੰਜਾਬ

ਜਸਵੰਤ ਰਾਏ
(18-5-1975)

ਜਿਹਦਾ ਜ਼ੱਰ੍ਹਾ ਜ਼ੱਰਾ ਮਹਿਕਦਾ ਗੁਲਾਬ ਦੀ ਤਰ੍ਹਾਂ,
ਜਿਹਦਾ ਹਰ ਨੌਜਵਾਨ ਮਹਿਤਾਬ ਦੀ ਤਰ੍ਹਾਂ।
ਸੋਹਣੀ ਸੁੰਦਰ ਸਰੂਪ ਜਿਉਂ ਬਹੂ ਨਵੇਲੀ ਓ,
ਕਿੰਨਾ ਸੋਹਣਾ-ਮਨਮੋਹਣਾ ਏਂ ਪੰਜਾਬ ਬੇਲੀਓ।

ਲਹੂ ਭਿੱਜਾ ਇਤਿਹਾਸ ਕੁਰਬਾਨੀ ਭਰਿਆ,
ਹਰ ਹਾਕਮ ਦਾ ਹੱਲਾ ਹਿਕੜੀ ਤੇ ਜਰਿਆ।
ਇਹ ਤਾਂ ਰੱਖਦਾ ਹੈ ਸੀਸ ਨੂੰ ਸਦਾ ਹਥੇਲੀ ਓ,
ਕਿੰਨਾ ਸੋਹਣਾ-ਮਨਮੋਹਣਾ ਏਂ ਪੰਜਾਬ ਬੇਲੀਓ।

ਸੰਮੀ, ਲੁੱਡੀ, ਭੰਗੜੇ ਦਾ ਨਾ ਕੋਈ ਸਾਨੀ ਜੱਗ ਤੇ,
ਮਾਹੀਏ ਢੋਲੇ ਟੱਪੇ ਛੰਦ ਗਾਏ ਜਾਂਦੇ ਫੱਬ ਕੇ।
ਸ਼ਾਇਰਾਂ ਸੂਫੀਆਂ ਸ਼ਿੰਗਾਰਿਆ ਸ਼ਬਾਬ ਮੇਲੀਓ,
ਕਿੰਨਾ ਸੋਹਣਾ-ਮਨਮੋਹਣਾ ਏਂ ਪੰਜਾਬ ਬੇਲੀਓ।

ਇਹਦੇ ਸੂਰਬੀਰਾਂ ਦੇਸ਼ ਨੂੰ ਆਜ਼ਾਦੀ ਹੈ ਦੁਆਈ,
ਭਗਤ ਰਾਜਗੁਰੂ ਸੁਖਦੇਵ ਊਧਮ ਭਾਈ ਭਾਈ।
ਰਾਣੀ ਮੌਤ ਨੂੰ ਵਿਆਹ ਕੇ ਜਾਣ ਖੇਲ੍ਹ-ਖੇਲ੍ਹੀ ਓ,
ਕਿੰਨਾ ਸੋਹਣਾ-ਮਨਮੋਹਣਾ ਏਂ ਪੰਜਾਬ ਬੇਲੀਓ।

ਸੰਤਾਲੀ ਵਾਲੀ ਮੁੜ ਤੱਤੀ ਵਗੇ ਨਾ ਹਵਾ।
ਰਹੇ ਮੁਹੱਬਤਾਂ ਦਾ ਰੰਗ ਲਾਲ, ਹੋਵੇ ਨਾ ਸਿਆਹ।
ਮੁੱਠਾਂ ਭਰ ਜਸਵੰਤ ਵੰਡੀ ਜਾਣ ਭੇਲੀ ਓ।
ਕਿੰਨਾ ਸੋਹਣਾ-ਮਨਮੋਹਣਾ ਏਂ ਪੰਜਾਬ ਬੇਲੀਓ।

## ਸ਼ੇਅਰ

ਤੇਜਾ ਸਿੰਘ 'ਰਾਹੀ'
(1-4-1941)

ਤੇਰੇ ਮੇਰੇ ਦਰ ਤੇ, ਮੁਤਵਾਤਰ, ਖੁਸ਼ੀ ਦਿੰਦੀ ਰਹੀ ਦਸਤਕ, 'ਰਾਹੀ'
ਅਸੀਂ ਕਿੰਨੇ ਹਾਂ ਬਦਨਸੀਬ ਕਿ ਉੱਠ ਕੇ ਸਲਾਮ ਵੀ ਨਾ ਕਰ ਸਕੇ।


### ਗੀਤ/ ਦੇਸ਼ ਮੇਰੇ

ਐ ਦੇਸ਼ ਮੇਰੇ, ਅੱਗੇ ਤੇਰੇ, ਅਸੀਂ ਆਪਣਾ ਸੀਸ ਝੁਕਾਂਦੇ ਹਾਂ,
ਐ ਦੇਸ਼ ਮੇਰੇ, ਸ਼ਾਮ ਸਵੇਰੇ, ਅਸੀਂ ਤੇਰੇ ਗੀਤ ਹੀ ਗਾਂਦੇ ਹਾਂ।

ਸਾਡੀ ਸੂਰਮਤਾ ਤੋਂ ਸਾਰਾ ਜੱਗ ਡਰੇ,
ਜਿੱਤ ਚੁੰਮਦੀ ਪੈਰ ਸਾਡੇ, ਅਸੀਂ ਕਦੇ ਨਾ ਹਰੇ,
ਜਦੋਂ ਵੈਰੀ ਤੇਰੇ ਵੱਲ, ਕਹਿਰੀ ਅੱਖ ਕਰੇ,
ਤੇਰੀ ਰੱਖਿਆ ਖਾਤਰ,
ਅਸੀਂ ਸੀਸ ਤਲੀ ਤੇ ਟਿਕਾਂਦੇ ਹਾਂ।


ਅਸੀਂ ਸਿਖਾਇਆ, ਤੇਰੇ ਦਰਿਆਵਾਂ ਨੂੰ,
ਅਸੀਂ ਰੁਸ਼ਨਾਇਆ, ਉੱਚੀਆਂ ਨੀਵੀਆਂ ਥਾਵਾਂ ਨੂੰ,
ਅਸੀਂ ਅਮਨ ਸੁਨੇਹੇ ਦਿੱਤੇ, ਅਕਾਸ਼ੀ ਹਵਾਵਾਂ ਨੂੰ,
ਮਾਂ ਧਰਤੀ ਦੀ ਹਿੱਕ ਉਤੇ,
ਅਸੀਂ ਸੁਹਣੇ ਫੁੱਲ ਖਿੜਾਂਦੇ ਹਾਂ।

ਤੇਰੇ ਵੀਰਾਨਿਆਂ ਅੰਦਰ, ਟਹਿਕੀ ਹੈ ਜ਼ਿੰਦਗੀ,
ਤੇਰੇ ਕਣ ਕਣ ਨੇ, ਬਖਸ਼ੀ ਹੈ ਜ਼ਿੰਦਗੀ,
ਤੇਰੇ ਪਾਣੀਆਂ ਨੇ, ਦਿੱਤੀ ਹੈ ਤਾਜ਼ਗੀ।
ਪਰ ਪਾਕ ਤੇਰੀ, ਸੌ ਸੌ ਵਾਰੀ,
ਅਸੀਂ ਚੁੱਕ ਚੁੱਕ ਮਸਤਕ ਨੂੰ ਲਾਂਦੇ ਹਾਂ।




ਸਾਡੇ ਬ੍ਰਹਿਮੰਡ ਬਾਰੇ ਇਕ ਜਾਣਕਾਰੀ ਭਰਪੂਰ ਕਿਤਾਬ 'ਬ੍ਰਹਿਮੰਡ ਇਕ ਨਜ਼ਰ' ਜੋ ਲੇਖਿਕਾ ਸਤਵੰਤ ਕੌਰ ਕਲੋਟੀ' ਦੁਆਰਾ ਲਿਖੀ ਗਈ ਹੈ, ਅਸੀਂ ਨਵੇਂ ਸਾਲ ਤੋਂ ਲੜੀਵਾਰ ਸਾਡੇ ਪਾਠਕਾਂ ਦੇ ਲਈ ਪੇਸ਼ ਕਰਨ ਜਾ ਰਹੇ ਹਨ। ਇਹ ਪੁਸਤਕ ਜਿਵੇਂ ਕਿ ਲੇਖਿਕਾ ਖੁਦ ਲਿਖਦੇ ਹਨ ਕਿ 'ਦਿਮਾਗ ਦੇ ਜਾਲੇ ਸਾਫ ਕਰਨ ਵਾਲੀ ਵਿਗਿਆਨ ਦੀ ਪੁਸਤਕ ਹੈ।' ਇਸ ਪੁਸਤਕ ਵਿਚ ਲੇਖਿਕਾ ਨੇ ਵਿਗਿਆਨਕ ਜਾਣਕਾਰੀ, ਬ੍ਰਹਿਮੰਡ, ਗ੍ਰਹਿਆਂ ਆਦਿ ਦੀ ਉਤਪੱਤੀ, ਉਹਨਾਂ ਦਾ ਆਕਾਰ, ਪ੍ਰਕਾਰ, ਭਾਰ, ਦੂਰੀਆਂ, ਲੱਛਣ ਆਦਿ ਬੜੇ ਵਿਸਥਾਰ ਵਿਚ ਜਾ ਕੇ ਪੇਸ਼ ਕੀਤੇ ਹਨ ਜੋ ਪਾਠਕਾਂ ਦੀ ਜਾਣਕਾਰੀ ਵਿਚ ਭਰਪੂਰ ਵਾਧਾ ਕਰਨਗੇ। ਡਾ. ਕਰਮਜੀਤ ਸਿੰਘ ਦੇ ਸਹਿਯੋਗ ਨਾਲ ਛਪੀ ਇਹ ਪੁਸਤਕ ਅਗਲੇ ਅੰਕ ਤੋਂ ਲੜੀਵਾਰ ਪਾਠਕਾਂ ਦੀ ਜਾਣਕਾਰੀ ਵਿਚ ਵਾਧਾ ਕਰੇਗੀ। **-ਸੰਪਾਦਕ**

ਯੂਰਪ ਦੀ ਧਰਤੀ ਤੇ ਗ਼ਦਰ ਪਾਰਟੀ ਦੀਆਂ ਜੜ੍ਹਾਂ ਲਾਉਣ ਵਾਲੇ ਪ੍ਰਸਿੱਧ ਦੇਸ਼ ਭਗਤ ਬਾਬੂ ਹਰਨਾਮ ਸਿੰਘ ਸਾਹਰੀ ਨੂੰ 14 ਨਵੰਬਰ, 1916 ਈਸਵੀ ਨੂੰ ਮਾਂਡਲੇ ਜੇਲ੍ਹ ਵਿਚ ਅੰਗਰੇਜ਼ੀ ਹਕੂਮਤ ਦੁਆਰਾ ਫਾਂਸੀ ਦਿੱਤੀ ਗਈ ਸੀ। ਵਰ੍ਹਾ 2016 ਉਸ ਗ਼ਦਰੀ ਸੂਰਮੇ ਨੂੰ ਯਾਦ ਕਰਨ ਲਈ ਸ਼ਤਾਬਦੀ ਵਰ੍ਹਾ ਹੈ। ਮੈਂ ਤਿੰਨ ਸਾਲ ਦੇ ਖੋਜ ਕਾਰਜ ਉਪਰੰਤ ਬਾਬੂ ਹਰਨਾਮ ਸਿੰਘ ਸਾਹਰੀ ਦੇ ਜੀਵਨ ਅਤੇ ਸੰਘਰਸ਼ ਨੂੰ ਬਿਆਨ ਕਰਦਾ ਦਸਤਾਵੇਜ਼ "ਕੌਮ ਦਾ ਸਿਤਾਰਾ: ਸ਼ਹੀਦ ਬਾਬੂ ਹਰਨਾਮ ਸਿੰਘ ਸਾਹਰੀ" ਲ਼ਿਖਿਆ ਹੈ ਜਿਸਨੂੰ ਪੁਸਤਕ ਰੂਪ ਵਿਚ "ਦੇਸ ਦੁਆਬਾ" ਪ੍ਰਕਾਸ਼ਨ ਸਮੂਹ ਦੇ ਕਰਤਾ ਧਰਤਾ ਸ਼੍ਰੀ ਪ੍ਰੇਮ ਕੁਮਾਰ ਚੁੰਬਰ ਨੇ ਲੋਕ ਗੀਤ ਪ੍ਰਕਾਸ਼ਨ ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕਰਵਾਇਆ ਹੈ। 'ਦੇਸ਼ ਦੁਆਬਾ' ਦੇ ਪਾਠਕਾਂ ਲਈ ਸ਼ਤਾਬਦੀ ਵਰ੍ਹੇ ਤੇ ਸ਼ਹੀਦ ਬਾਬੂ ਹਰਨਾਮ ਸਿੰਘ ਸਾਹਰੀ ਦੇ ਕੌਮੀ ਸੰਘਰਸ਼ ਦੀ ਗਾਥਾ ਨੂੰ ਲੜੀਵਾਰ ਛਾਪਣ ਦੇ ਵਡਮੁੱਲੇ ਸੁਝਾਅ ਨੂੰ ਪ੍ਰਵਾਨ ਕਰਦਿਆਂ ਸ਼੍ਰੀ ਪ੍ਰੇਮ ਕੁਮਾਰ ਚੁੰਬਰ ਨੇ ਜਿੱਥੇ ਗ਼ਦਰ ਲਹਿਰ ਦੇ ਸ਼ਹੀਦਾਂ ਨੂੰ ਸਨਮਾਨ ਦਿੱਤਾ ਹੈ ਉੱਥੇ ਸਾਡੇ ਮਾਣ ਨੂੰ ਵੀ ਵਧਾਇਆ ਹੈ। ਜਨਵਰੀ 2016 ਤੋਂ ਸ਼ਹੀਦ ਬਾਬੂ ਹਰਨਾਮ ਸਿੰਘ ਸਾਹਰੀ ਪਹਿਲੇ ਅੰਤਰਰਾਸ਼ਟਰੀ ਪੰਜਾਬੀ ਪੱਤਰਕਾਰ ਦੇ ਜੀਵਨ ਬਿਰਤਾਂਤ ਅਤੇ ਦੇਸ਼ ਪ੍ਰੇਮ ਦੇ ਰੰਗ ਵਿਚ ਰੰਗੀ ਸ਼ਖ਼ਸੀਅਤ ਬਾਰੇ ਡਾ. ਰਘਵੀਰ ਕੌਰ ਜਨਰਲ ਸਕੱਤਰ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ, ਸੀਤਾ ਰਾਮ ਬਾਂਸਲ, ਪ੍ਰੇਮ ਕੁਮਾਰ ਚੁੰਬਰ ਅਤੇ ਮੇਰੇ ਸ਼ਬਦ "ਕਿੰਝ ਲਿਖ ਹੋਈ ਪੁਸਤਕ" ਲੇਖਾਂ ਤੋਂ ਬਾਅਦ ਲਗਾਤਾਰ ਇਸ ਦਸਤਾਵੇਜ਼ ਨੂੰ ਛਾਪਿਆ ਜਾ ਰਿਹਾ ਹੈ। ਇਹੀ ਸ਼ਹੀਦ ਬਾਬੂ ਹਰਨਾਮ ਸਿੰਘ ਸਾਹਰੀ ਦੀ ਯਾਦ ਵਿਚ ਸੱਚੀ ਸ਼ਰਧਾਂਜਲੀ ਹੋਵੇਗੀ। ਭਾਰਤ ਵਿਚ ਇਹ ਪੁਸਤਕ ਨਾਲ ਲਿਖੇ ਪਤਿਆਂ ਤੇ ਉਪਲਬਧ ਹੈ:




ਲੋਕ ਗੀਤ ਪ੍ਰਕਾਸ਼ਨ
ਐੱਸ.ਸੀ.ਓ.26-27
ਸੈਕਟਰ-34 ਏ
ਚੰਡੀਗੜ੍ਹ।
ਫੋਨ-01725077427
01725077428

ਡਾ. ਜਸਵੰਤ ਰਾਏ
ਅਕਾਸ਼ ਕਲੋਨੀ
ਗੁਰੂ ਰਵਿਦਾਸ ਨਗਰ ਸ਼ੇਰ ਗੜ੍ਹ ਰੋਡ
ਹੁਸ਼ਿਆਰਪੁਰ।
ਮੋਬਾ. 9815825999
ਮੋਬਾ. 9915040888

## ਪਿਉਂਦੀ ਬੂਟੇ

ਤੋਂ ਵੱਧ ਸਹੂਲਤਾਂ ਦੇਣ ਵਿਚ ਕਾਮਯਾਬ ਹੈ ਤਾਂ ਉਸ ਨੂੰ ਇਕ ਸਫਲ ਇਨਸਾਨ ਮੰਨਣਾ ਬਣਦਾ ਹੈ। ਪਰ ਜੇ ਉਸ ਨੇ ਆਪ ਭੋਗੀਆਂ ਸਹੂਲਤਾਂ ਜਿੰਨੀਆਂ ਸਹੂਲਤਾਂ ਵੀ ਆਪਣੀ ਔਲਾਦ ਲਈ ਪੈਦਾ ਨਹੀਂ ਕਰ ਸਕਿਆਅਤੇ ਆਪਣੇ ਜਿਉਣ ਦਾ ਗਰਾਫ ਵੀ ਆਪਣੇ ਬਜੁਰਗਾਂ ਤੋਂ ਪਿੱਛੇ ਲੈ ਗਿਆਹੈ ਤਾਂ ਉਹ ਸਫਲ ਇਨਸਾਨ ਕਹਾਉਣ ਦੇ ਕਾਬਲ ਨਹੀਂ ਹੈ। ਖਿੱਝ ਅਤੇ ਗੁੱਸਾ ਆਦਮੀ ਦਾ ਸਭ ਤੋਂ ਵੱਡਾ ਦੁਸ਼ਮਣ ਹੁੰਦਾ ਹੈ, ਫਿਰ ਵੀ ਅਸੀਂ ਇਸ ਨੂੰ ਪਾਲਤੂ ਜਾਨਵਰ ਵਾਂਗ ਹਰ ਪਲ ਆਪਣੇ ਕੋਲ ਰੱਖਦੇ ਹਾਂ। ਵਕਤ ਦਾ ਪਾਬੰਦ ਆਦਮੀ ਹੀ ਜਿਆਦਾ ਖਿੱਝਦਾ ਹੈ। ਲਾ-ਪ੍ਰਵਾਹ ਬੰਦੇ ਨੂੰ ਵਕਤ ਦੀ ਕੀਮਤ ਅਤੇ ਗੁਣਾਂ ਬਾਰੇ ਕੋਈ ਗਿਆਨ ਨਹੀਂ ਹੁੰਦਾ ਜਾਂ ਉਹ ਹਾਸਲ ਨਹੀਂ ਕਰਨਾ ਚਾਹੁੰਦਾ। ਹਰ ਥਾਂ ਉਹ ਮਿਥੇ ਸਮੇਂ ਤੋਂ ਬਾਅਦ ਹੀ ਪਹੁੰਚਦਾ ਹੈ ਅਤੇ ਕਈ ਵਾਰ ਪਹੁੰਚਦਾ ਹੀ ਨਹੀਂ। ਉਡੀਕ ਕਰਨ ਵਾਲੇ ਆਦਮੀ ਨੂੰ ਤਾਂ ਫਿਰ ਖਿੱਝ ਅਤੇ ਗੁੱਸਾ ਝਲਣਾ ਹੀ ਪੈਂਦਾ ਹੈ।

ਡੁੱਬ ਰਹੇ ਬੰਦੇ ਨੂੰ ਬਚਾਉਣ ਲਈ ਯਕਦਮ ਕਈ ਲੋਕ ਪਾਣੀ ਵਿਚ ਛਾਲ ਮਾਰ ਦੇਂਦੇ ਹਨ. ਪਰ ਡੁੱਬ ਚੁੱਕੇ ਬੰਦੇ ਨੂੰ ਪਾਣੀ 'ਚੋਂ ਬਾਹਰ ਕੱਢਣ ਲਈ ਕੋਈ ਕਾਹਲ ਨਹੀਂ ਵਿਖਾਉਂਦਾ। ਇਸ ਲਈ ਬੰਦੇ ਨੂੰ ਆਪਣੀ ਜ਼ਮੀਰ ਡੁੱਬਣ ਤੋਂ ਬਚਾਉਣ ਲਈ ਹਮੇਸ਼ਾ ਯਤਨਸ਼ੀਲ ਰਹਿਣਾ ਚਾਹੀਦਾ ਹੈ, ਇਕ ਵਾਰ ਆਦਮੀ ਆਪਣੀਆਂ ਨਜ਼ਰਾਂ ਤੋਂ ਗਿਰ ਜਾਵੇ ਤਾਂ ਦੁਨੀਆਂ ਦੀ ਕੋਈ ਤਾਕਤ ਉਸ ਨੂੰ ਫਿਰ ਉਠਾ ਨਹੀਂ ਸਕਦੀ।

ਇਕ ਬਿਮਾਰ ਅਤੇ ਲਾਚਾਰ ਆਦਮੀ ਦੇ ਘਰ-ਪਰਿਵਾਰ ਦੀ ਉੱਨਤੀ ਅਤੇ ਖੁਸ਼ਹਾਲੀ ਆਪਣੇ ਆਪ ਹੀ ਰੁੱਕ ਜਾਂਦੀ ਹੈ। ਇਸੇ ਤਰ੍ਹਾਂ ਜਦੋਂ ਸਮਾਜ ਜਾਂ ਦੇਸ਼ ਵੀ ਇਸ ਤਰ੍ਹਾਂ ਦੇ ਲੋਕਾਂ ਦੇ ਹੱਥ ਆ ਜਾਂਦਾ ਹੈ ਜੋ ਕੁਝ ਕਰਨ ਯੋਗੇ ਨਹੀਂ ਹੁੰਦੇ ਤਾਂ ਦੇਸ਼ ਕੌਮ ਕਿਵੇਂ ਅੱਗੇ ਵੱਧਣਗੇ? ਇਸ ਪੀੜ੍ਹੀ ਨੂੰ ਅੱਤਵਾਦ ਨੇ, ਬੇਈਮਾਨੀ ਨੇ ਅਤੇ ਨਕਲ ਨੇ ਮਾਨਸਿਕ ਤੌਰ ਤੇ ਬਿਮਾਰ ਬਣਾ ਦਿਤਾ ਹੈ, ਜਿੰਨਾ ਚਿਰ ਇਨ੍ਹਾਂ ਬਿਮਾਰੀਆਂ ਦਾ ਇਲਾਜ ਨਹੀਂ ਹੁੰਦਾ, ਸਾਡੇ ਲਈ ਅੱਗੇ ਵੱਧਣਾ ਅਤੇ ਆਪਣੇ ਵਜੂਦ ਨੂੰ ਬਚਾਈ ਰੱਖਣਾ ਕਾਫੀ ਮੁਸ਼ਕਲ ਹੋ ਗਿਆ ਹੈ।

ਅਸਲੀ ਨੇਤਾ ਉਹ ਹੁੰਦਾ ਹੈ ਜਿਸ ਨੂੰ ਸਹੀ ਦਿਸ਼ਾ ਦਾ ਗਿਆਨ ਹੋਵੇ, ਉਹ ਆਪ ਵੀ ਸਹੀ ਦਿਸ਼ਾ ਵਲ ਚਲ ਰਿਹਾ ਹੋਵੇ ਅਤੇ ਲੋਕਾਂ ਨੂੰ ਵੀ ਸਹੀ ਦਿਸ਼ਾ ਵਲ ਲੈ ਜਾਣ ਦੀ ਸਮਰੱਥਾ ਰੱਖਦਾ ਹੋਵੇ। ਜਦੋਂ ਆਦਮੀ ਦੀ ਸੋਚ ਇਕ ਥਾਂ ਆਣ ਕੇ ਰੁੱਕ ਜਾਂਦੀ ਹੈ ਤਾਂ ਉਸ ਦਾ ਮਾਨਸਿਕ ਅਤੇ ਸਮਾਜਿਕ ਵਿਸਥਾਰ ਵੀ ਰੁੱਕ ਜਾਂਦਾ ਹੈ। ਨਵਾਂ ਸਾਹਿਤ ਪੜ੍ਹਨਾ, ਅਖ਼ਬਾਰਾਂ ਪੜ੍ਹਨਾ, ਟੈਲੀਵੀਜ਼ਨ ਵੇਖਣਾ, ਸੈਰ-ਸਪਾਟਾ ਕਰਨਾ, ਸਹੀ ਲੋਕਾਂ ਨਾਲ ਮੇਲ-ਜੋਲ ਵਧਾਉਣਾ, ਸਾਡੀ ਸੋਚ ਨੂੰ ਅੱਗੇ ਤੋਰਨ ਲਈ ਇਕ ਪਿਉਂਦ ਦਾ ਕੰਮ ਕਰਦੇ ਹਨ। ਜਦੋਂ ਅਸੀਂ ਕਿਸੇ ਪਹਿਲਵਾਨ ਨੂੰ ਵੇਖਦੇ ਹਾਂ ਤਾਂ ਕਸਰਤ ਕਰਨ ਦੀ ਸੋਚ ਜਨਮ ਲੈਂਦੀ ਹੈ। ਕਿਸੇ ਖਿਡਾਰੀ ਨੂੰ ਖੇਡਦਿਆਂ ਵੇਖਦੇ ਹਾਂ ਤਾਂ ਇਕ ਖਿਡਾਰੀ ਬਣਨ ਦੀ ਸੋਚ ਉਪਜਦੀ ਹੈ। ਕਿਸੇ ਵੱਡੇ ਅਫਸਰ ਜਾਂ ਕਿਸੇ ਵੀ ਸਨਮਾਨ ਯੋਗ ਸ਼ਖ਼ਸੀਅਤ ਨੂੰ ਵੇਖਦੇ ਹਾਂ ਤਾਂ ਉਨ੍ਹਾਂ ਵਰਗਾ ਬਣਨ ਦੀ ਸੋਚ ਪਨਪਦੀ ਹੈ। ਬਚਪਨ ਤੋਂ ਹੀ ਕਿਸੇ ਬੱਚੇ ਨੂੰ ਇਕ ਕਮਰੇ ਵਿਚ ਬੰਦ ਕਰ ਦਿਉ, ਉਸ ਨੂੰ ਵੇਲੇ ਸਿਰ ਰੋਟੀ, ਪਾਣੀ ਅਤੇ ਕੱਪੜੇ ਪਹੁੰਚਾਉਂਦੇ ਰਹੋ, ਪਰ ਉਸ ਦੇ ਨਾਲ ਅਤੇ ਉਸ ਦੇ ਸਾਹਮਣੇ ਕੋਈ ਗੱਲ-ਬਾਤ ਨਾ ਕਰੋ। ਕੁਝ ਸਾਲਾਂ ਬਾਦ ਉਹ ਜ਼ੁਬਾਨ ਹੁੰਦਿਆਂ ਹੋਇਆਂ ਵੀ ਬੋਲ ਨਹੀਂ ਸਕੇਗਾ, ਕੰਨ ਅਤੇ ਦਿਮਾਗ ਹੁੰਦਿਆਂ ਹੋਇਆਂ ਕੁਝ ਸਮਝ-ਸੋਚ ਨਹੀਂ ਸਕੇਗਾ। ਬੱਚਾ ਲੋਕਾਂ ਵਿਚ ਵਿਚਰਨ ਨਾਲ ਹੀ ਬੋਲੀ ਸਿੱਖਦਾ ਹੈ, ਲੋਕਾਂ ਦੀ ਰੀਸੇ ਹੀ ਕੰਮ ਕਰਨਾ ਸਿੱਖਦਾ ਹੈ। ਚੰਗੇ ਲੋਕਾਂ ਦੀ ਸੰਗਤ ਨਾਲ ਹੀ ਅਸੀਂ ਚੰਗੇ ਬਣਦੇ ਹਾ ਅਤੇ ਮਾੜੀ ਸੰਗਤ ਨਾਲ ਮਾੜੇ। ਸਕੂਲ-ਕਾਲਜ ਜਾਂ ਹੋਰ ਸਿਖਲਾਈ ਕੇਂਦਰ ਸਿਆਣੇ ਲੋਕਾਂ ਨੇ ਸਾਡੀ ਸੋਚ ਨੂੰ ਸਹੀ ਦਿਸ਼ਾ ਦੇਣ ਲਈ ਹੀ ਬਣਾਏ ਸਨ। ਮਨੁੱਖ ਦੀ ਪੈਦਾਇਸ਼ ਨਾਲ ਹੀ ਉਸ ਨੂੰ ਰੀਸ ਕਰਨ ਦੀ ਸੋਝੀ ਆ ਜਾਂਦੀ ਹੈ। ਬਿਜਲੀ ਠੀਕ ਕਰਨ ਵਾਲੇ ਦਾ ਬੱਚਾ ਨਿੱਕੀ ਉਮਰੇ ਹੀ ਗੁਆਂਢੀਆਂ ਦੇ ਘਰਾਂ ਵਿਚ ਉੱਡਿਆ ਫਿਊਜ਼ ਅਤੇ ਬਲਬ ਬਦਲਣ ਦੀ ਲਿਆਕਤ ਰੱਖਦਾ ਹੈ। ਇਸੇ ਤਰ੍ਹਾਂ ਕਿਸਾਨ ਦਾ, ਤਰਖਾਣ ਦਾ, ਲੁਹਾਰ ਦਾ, ਹਕੀਮ ਦਾ ਜਾਂ ਕਿਸੇ ਵੀ ਕਾਰੀਗਰ ਦਾ ਬੱਚਾ ਆਪਣੇ-ਆਪਣੇ ਬਜ਼ੁਰਗਾਂ ਨੂੰ ਕੰਮ ਕਰਦਿਆਂ ਵੇਖ ਕੇ ਆਪਣਾ ਖਾਨਦਾਨੀ ਕੰਮ ਸਿੱਖ ਜਾਂਦਾ ਹੈ। ਜੇ ਅਸਾਂ ਚੰਗਾ ਸਮਾਜ ਉਸਾਰਨਾ ਹੈ ਤਾਂ ਬੱਚਿਆਂ ਦੀ ਸ਼ਖ਼ਸੀਅਤ ਨੂੰ ਸਵਾਰਨ ਲਈ, ਉਨ੍ਹਾਂ ਨੂੰ ਸਹੀ ਮੰਜ਼ਲ ਉੱਪਰ ਪਹੁੰਚਾਣ ਲਈ, ਅਤੇ ਸਮਾਜ ਦਾ ਇਕ ਜਿੰਮੇਵਾਰ ਨਾਗਰਿਕ ਬਣਾਉਣ ਲਈ, ਸਾਨੂੰ ਉਸ ਦਾ ਬਚਪਨ ਤੋਂ ਹੀ ਸਹੀ ਖਿਆਲ ਰੱਖਣ ਦੀ ਜਰੂਰਤ ਹੈ।

# 10ਵੀਂ ਤੱਕ ਪੜ੍ਹੇ ਹਨ ਪੌਂਟਿੰਗ, 10ਵੀਂ ਫੇਲ੍ਹ ਸਚਿਨ

**ਆਸਟ੍ਰੇਲੀਆ ਦੇ ਪ੍ਰਸਿੱਧ ਕ੍ਰਿਕਟਰ ਰਿਕੀ ਪੌਂਟਿੰਗ ਦੇ ਲਈ ਕ੍ਰਿਕਟ ਵਿਚ ਕੈਰੀਅਰ ਬਣਾਉਣਾ ਆਸਾਨ ਨਹੀਂ ਰਿਹਾ। ਉਹਨਾਂ ਨੇ ਕ੍ਰਿਕਟ ਦੇ ਲਈ 10ਵੀਂ ਕਲਾਸ ਤੋਂ ਬਾਅਦ ਸਕੂਲ ਛੱਡ ਦਿੱਤਾ। ਪੌਂਟਿੰਗ ਤੋਂ ਇਲਾਵਾ ਕਈ ਕ੍ਰਿਕਟਰਾਂ ਨੇ ਵੀ ਖੇਡ ਦੇ ਲਈ ਪੜ੍ਹਾਈ ਵਿਚਕਾਰ ਹੀ ਛੱਡ ਦਿੱਤਾ ਸੀ।**



ਭਾਰਤੀ ਕ੍ਰਿਕਟ ਸਟਾਰ ਸਚਿਨ ਤੇਂਦੁਲਕਰ 10ਵੀਂ ਵੀ ਨਹੀਂ ਕਰ ਸਕੇ। ਉਹਨਾਂ ਨੇ ਬਚਪਨ ਤੋਂ ਹੀ ਕ੍ਰਿਕਟ ਖੇਡਣੀ ਅਰੰਭ ਕਰ ਦਿੱਤੀ ਸੀ। ਬਾਅਦ ਵਿਚ ਉਹਨਾਂ ਨੇ ਪੜ੍ਹਨ ਦੀ ਕੋਸ਼ਿਸ਼ ਕੀਤੀ ਪਰ ਫਿਰ ਵਕਤ ਹੀ ਨਾ ਲੱਗਿਆ।



ਭਾਰਤੀ ਕ੍ਰਿਕਟ ਖਿਡਾਰੀ ਯੁਵਰਾਜ ਸਿੰਘ ਨੇ ਵੀ ਸਿਰਫ 10ਵੀਂ ਹੀ ਪਾਸ ਕੀਤੀ ਹੈ। ਇਸ ਤੋਂ ਬਾਅਦ ਉਹ ਕ੍ਰਿਕਟ ਨੂੰ ਹੀ ਸਮਰਪਿਤ ਹੋ ਗਏ।



ਸਾਊਥ ਅਫਰੀਕਾ ਦੇ ਏ. ਬੀ. ਡਿਵੀਲੀਅਰਸ ਨੇ ਵੀ ਜ਼ਿਆਦਾ ਪੜ੍ਹਾਈ ਨਹੀਂ ਕੀਤੀ। ਉਹ ਸਿਰਫ ਸਕੂਲ ਪੱਧਰ ਤੱਕ ਹੀ ਪੜ੍ਹ ਸਕੇ ਹਨ।




### ਰਿਕੀ ਪੌਂਟਿੰਗ ਦੇ ਲਾਈਫ ਫੈਕਟਸ

ਪੌਂਟਿੰਗ ਨੇ ਘੱਟ ਉਮਰ ਵਿਚ ਹੀ ਤਹਿ ਕਰ ਲਿਆ ਸੀ ਕਿ ਉਹਨਾਂ ਨੇ ਕ੍ਰਿਕਟ ਵਿਚ ਕੈਰੀਅਰ ਬਣਾਉਣਾ ਹੈ। ਉਹ ਆਪਣੇ ਘਰ ਦੇ ਪਿੱਛੇ ਭਰਾ ਅਤੇ ਪਿਤਾ ਦੇ ਨਾਲ ਕ੍ਰਿਕਟ ਖੇਡਿਆ ਕਰਦੇ ਸਨ। ਉਹਨਾਂ ਦੇ ਪਿਤਾ ਗੋਲਫ ਖੇਡਦੇ ਸਨ ਅਤੇ ਮਾਂ ਵਿਗੋਰੋ ਦੀ ਚੈਂਪੀਅਨ ਸੀ। ਵਿਗੋਰੋ ਕ੍ਰਿਕਟ ਅਤੇ ਟੈਨਿਸ ਦਾ ਮਿਕਸ ਗੇਮ ਹੁੰਦਾ ਹੈ।

ਕ੍ਰਿਕਟ ਤੋਂ ਪੌਂਟਿੰਗ ਦੀ ਪਹਿਲੀ ਕਮਾਈ 20 ਆਸਟ੍ਰੇਲੀਅਨ ਡਾਲਰ ਸੀ ਜੋ ਉਹਨਾਂ ਨੂੰ ਇਕ ਲੋਕਲ ਟੂਰਨਾਮੈਂਟ ਵਿਚ ਸਕੋਰਬੋਰਡ ਚਲਾਉਣ ਲਈ ਮਿਲੀ ਸੀ। ਕ੍ਰਿਕਟ ਤੋਂ ਇਲਾਵਾ ਪੌਂਟਿੰਗ ਫੁਟਬਾਲ ਵੀ ਖੇਡਦੇ ਸਨ, ਪਰ 15 ਸਾਲ ਦੀ ਉਮਰ ਵਿਚ ਕੂਹਣੀ ਵਿਚ ਸੱਟ ਦੇ ਕਾਰਨ ਉਹਨਾਂ ਨੂੰ ਇਹ ਖੇਡ ਛੱਡਣੀ ਪਈ ਸੀ। ਪੜ੍ਹਾਈ ਛੱਡਣ ਤੋਂ ਬਾਅਦ ਪੌਂਟਿੰਗ ਨੇ ਸਕੂਲ ਗ੍ਰਾਊਂਡ ਸਟਾਫ ਦੀ ਨੌਕਰੀ ਕੀਤੀ ਸੀ।



ਭਾਰਤੀ ਕ੍ਰਿਕਟ ਟੀਮ ਦੇ ਲੰਮਾ ਸਮਾਂ ਕਪਤਾਨ ਰਹੇ ਮਹਿੰਦਰ ਸਿੰਘ ਧੋਨੀ ਨੇ ਵੀ ਦਸਵੀਂ ਕਰਨ ਤੋਂ ਬਾਅਦ ਕਾਲਜ ਵਿਚ ਦਾਖਲਾ ਲਿਆ ਪਰ ਕ੍ਰਿਕਟ ਵਿਚ ਜ਼ਿਆਦਾ ਦਿਲਚਸਪੀ ਹੋਣ ਕਾਰਨ ਉਹਨਾਂ ਨੇ ਕਾਲਜ ਡ੍ਰਾਪਆਊਟ ਕਰ ਦਿੱਤਾ।



ਲਸਿਥ ਮਲਿੰਗਾ ਸ਼੍ਰੀਲੰਕਾ ਦੇ ਪ੍ਰਸਿੱਧ ਬਾਲਰ ਹਨ। ਉਹਨਾਂ ਨੇ ਵੀ ਦਸਵੀਂ ਹੀ ਪਾਸ ਕੀਤੀ ਹੈ, ਇਸ ਤੋਂ ਬਾਅਦ ਕ੍ਰਿਕਟ ਦੀ ਕੋਚਿੰਗ ਲੈਣ ਵਿਚ ਰੁੱਝ ਗਏ।



ਭਾਰਤੀ ਕ੍ਰਿਕਟ ਖਿਡਾਰੀ ਰੋਹਿਤ ਸ਼ਰਮਾ ਨਾਲ ਵੀ ਅਜਿਹਾ ਹੀ ਵਾਪਰਿਆ ਸੀ। ਉਹਨਾਂ ਨੇ ਕ੍ਰਿਕਟ ਦੇ ਲਈ ਕਾਲਜ ਡ੍ਰਾਪਆਊਟ ਕਰ ਦਿੱਤਾ ਸੀ।

## ਡੋਪ ਟੈਸਟ 'ਚ ਫੇਲ ਹੋਇਆ ਸ਼੍ਰੀਲੰਕਾਈ ਕ੍ਰਿਕਟਰ, ਲੱਗ ਸਕਦਾ ਹੈ ਬੈਨ

ਸ਼੍ਰੀਲੰਕਾਈ ਵਿਕਟਕੀਪਰ ਕੁਸ਼ਾਲ ਪਰੇਰਾ ਦਾ ਬੀ ਸੈਂਪਲ ਵੀ ਪਾਬੰਦੀਸ਼ੁਦਾ ਪਦਾਰਥ ਲਈ ਪੋਜੀਟਿਵ ਪਾਏ ਜਾਣ ਤੋਂ ਬਾਅਦ ਉਸ 'ਤੇ 4 ਸਾਲ ਦਾ ਬੈਨ ਲੱਗ ਸਕਦਾ ਹੈ।



**ਕਤਰ 'ਚ ਹੋਇਆ ਸੀ ਟੈਸਟ**

ਖੇਡ ਮੰਤਰੀ ਦਯਾਸਿਰੀ ਜੈਸ਼ੇਖਰ ਨੇ ਕਿਹਾ, 'ਆਈ. ਸੀ. ਸੀ. ਨੇ ਸਾਨੂੰ ਜਾਣਕਾਰੀ ਦਿੱਤੀ ਹੈ ਕਿ ਉਸ ਨੂੰ 4 ਸਾਲ ਦੀ ਪਾਬੰਦੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ।' ਪਰੇਰਾ ਦੇ ਪੇਸ਼ਾਬ ਦੇ ਸੈਂਪਲ 'ਚ ਪਾਬੰਦੀਸ਼ੁਦਾ ਪਦਾਰਥ ਪਾਇਆ ਗਿਆ ਸੀ, ਜਿਸ ਤੋਂ ਬਾਅਦ ਕਤਰ 'ਚ ਇਸ ਦਾ ਟੈਸਟ ਕੀਤਾ ਗਿਆ ਸੀ।

# ਸ਼੍ਰੋਮਣੀ ਪੰਜਾਬੀ ਲਿਖਾਰੀ ਸਭਾ ਪੰਜਾਬ (ਰਜਿ.) ਵਲੋਂ ਸਨਮਾਨ ਸਮਾਰੋਹ ਤੇ ਪੁਸਤਕਾਂ ਰੀਲੀਜ ਸਮਾਗਮ ਆਯੋਜਿਤ

**ਐਸ. ਏ. ਐਸ. ਨਗਰ (ਪ੍ਰੀਤਮ ਲੁਧਿਆਣਵੀ)–** ਸ਼੍ਰੋਮਣੀ ਪੰਜਾਬੀ ਲਿਖਾਰੀ ਸਭਾ ਪੰਜਾਬ (ਰਜਿ.) ਵਲੋਂ ਸਥਾਨਕ ਸ਼ਿਵਾਲਕ ਪਬਲਿਕ ਸਕੂਲ, ਫੇਜ-6 ਮੁਹਾਲੀ ਵਿਖੇ ਪੁਸਤਕ ਰੀਲੀਜ ਅਤੇ ਸਨਮਾਨ ਸਮਾਰੋਹ ਅਯੋਜਿਤ ਕੀਤਾ ਗਿਆ: ਜਿਸ ਵਿਚ ਪ੍ਰੀਤਮ ਲੁਧਿਆਣਵੀ ਦੁਆਰਾ ਰਚਿਤ ਦੋ ਪੁਸਤਕਾਂ 'ਹੰਝੂਆਂ ਦੇ ਮੋਤੀ' ਅਤੇ 'ਦਰਵੇਸ਼ ਹਸਤੀ- ਬਲਵੰਤ ਸਿੰਘ ਮੁਸਾਫਿਰ' ਰੀਲੀਜ ਕੀਤੀਆਂ ਗਈਆਂ। ਇਸ ਸਮੇਂ ਉੱਘੀਆਂ ਕਵਿੱਤਰੀਆਂ ਬੀਬੀ ਵਰਿੰਦਰ ਕੌਰ ਰੰਧਾਵਾ, ਮਿਸ ਕਮਲਜੀਤ ਕੌਰ ਕੋਮਲ ਅਤੇ ਪ੍ਰਿੰ: ਪਰਵੀਨ ਕੌਰ ਸੋਨੀਆ ਨੂੰ 'ਹੋਣਹਾਰ ਧੀ ਪੰਜਾਬ ਦੀ- 2015 ਐਵਾਰਡ' ਨਾਲ ਬੜੀ ਸ਼ਾਨੋ-ਸ਼ੌਕਤ ਨਾਲ ਸਨਮਾਨਿਤ ਕੀਤਾ ਗਿਆ। ਜਦ ਕਿ ਬਲਵੰਤ ਸਿੰਘ ਮੁਸਾਫਿਰ (ਸ਼ਿਲਪਕਾਰ ਤੇ ਸ਼ਾਇਰ) ਨੂੰ 'ਲੋਹ-ਪੁਰਸ਼-2015 ਐਵਾਰਡ', ਜਗਜੀਤ ਮੁਕਤਸਰੀ (ਗੀਤਕਾਰ ਤੇ ਗਾਇਕ), ਬੀ. ਆਰ. ਚਿਰਾਗ (ਸ਼ਾਇਰ), ਅਤੇ ਅਸ਼ੋਕ ਟਾਂਡੀ (ਸ਼ਾਇਰ) ਨੂੰ 'ਮਾਣ ਪੰਜਾਬ ਦਾ-2015 ਐਵਾਰਡ' ਦੇ ਕੇ ਸਨਮਾਨਿਆ ਗਿਆ। ਇਨ੍ਹਾਂ ਤੋਂ ਇਲਾਵਾ ਬੀਬੀ ਜਸਵੀਰ ਕੌਰ ਮੁਸਾਫਿਰ ਨੂੰ 'ਧੀ ਪੰਜਾਬ ਦੀ 2015 ਐਵਾਰਡ' ਦਿੱਤਾ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਲਛਮਣ ਸਿੰਘ ਮੇਹੋ ਅਤੇ ਬਲਵੰਤ ਸੱਲ੍ਹਣ ਨੇ ਕੀਤੀ: ਜਦ ਕਿ ਮੁੱਖ ਮਹਿਮਾਨ ਦੇ ਤੌਰ ਤੇ ਊਸ਼ਾ ਆਰ. ਸ਼ਰਮਾ, ਆਈ. ਏ. ਐਸ. (ਰਿਟਾ.) ਅਤੇ ਆਰ. ਐਲ. ਕਲਸੀਆ ਆਈ. ਏ. ਐਸ. (ਰਿਟਾ.) ਨੇ ਸ਼ਿਰਕਤ ਕੀਤੀ।



ਇਸ ਮੌਕੇ ਬੋਲਦਿਆਂ ਸ੍ਰੀਮਤੀ ਸ਼ਰਮਾ ਅਤੇ ਸ੍ਰੀ ਕਲਸੀਆ ਨੇ ਜਿੱਥੇ ਸੰਸਥਾ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕੀਤਾ, ਉਥੇ ਉਨ੍ਹਾਂ ਨੇ ਪੁਸਤਕਾਂ ਦੇ ਲੇਖਕ ਪ੍ਰੀਤਮ ਲੁਧਿਆਣਵੀ ਨੂੰ ਵਧਾਈ ਵੀ ਦਿੱਤੀ। ਇਸ ਅਵਸਰ ਤੇ ਪ੍ਰਧਾਨਗੀ ਮੰਡਲ ਵਿਚ ਫਤਹਿ ਸਿੰਘ ਬਾਗੜੀ, ਮਨਜੀਤ ਕੌਰ ਮੀਤ, ਪ੍ਰੀਤਮ ਸਿੰਘ ਭੁਪਾਲ, ਪੰਡਿਤ ਸ਼ਕਤੀ ਪ੍ਰਕਾਸ਼ ਬਨੂੜ, ਲਾਲ ਸਿੰਘ ਲਾਲੀ, ਮੇਜਰ ਸਿੰਘ ਈਸੜੂ ਅਤੇ ਜਨਕ ਮਹਿਰੋਕ ਹਾਜਰ ਸਨ। ਹੋਰਾਂ ਤੋਂ ਇਲਾਵਾ ਸਮਾਗਮ ਦੌਰਾਨ ਰਜਿੰਦਰ ਸੇਵਕ, ਥੰਮਣ ਸਿੰਘ ਸੈਣੀ, ਹਰਬੰਸ ਸਿੰਘ ਧਾਲੀਵਾਲ (ਬਟਾਲਾ), ਰਣਜੀਤ ਕੌਰ ਸਵੀ (ਮਲੇਰਕੋਟਲਾ), ਬਲਜੀਤ ਸਿੰਘ ਮੋਰਿੰਡਾ, ਜਰਨੈਲ ਹਸਨਪੁਰੀ, ਦੀਪਤੀ ਬਬੂਟਾ, ਜਸਪ੍ਰੀਤ ਕੌਰ ਮੁਕਤਸਰੀ, ਪ੍ਰਿੰਸੀਪਲ ਨਸੀਬ ਸਿੰਘ ਸੇਵਕ ਅਤੇ ਮੁਨਸ਼ੀ ਸਿੰਘ ਉਚੇਚੇ ਤੌਰ ਹਾਜਰ ਹੋਏ।

ਕ੍ਰਿਸ਼ਨ ਰਾਹੀ ਦੀਆਂ ਸੰਗੀਤਕ-ਧੁਨਾਂ ਹੇਠ ਗੁਰਵਿੰਦਰ ਗੁਰੀ, ਕ੍ਰਿਸ਼ਨ ਭੱਟੀ, ਸੰਨੀ ਊਨੇ ਵਾਲਾ, ਬਾਵਾ ਬੱਲੀ, ਬੀਬਾ ਨਵਪ੍ਰੀਤ ਸੰਧੂ, ਪਿਆਰਾ ਸਿੰਘ ਰਾਹੀ, ਰਵਿੰਦਰ ਬਾਲੀ, ਸੁਖਵਿੰਦਰ ਨੂਰਪੁਰੀ ਅਤੇ ਸੱਤਪਾਲ ਲਖੋਤਰਾ ਨੇ ਸਨਮਾਨਿਤ ਸਖਸ਼ੀਅਤਾਂ ਦੀਆਂ ਰਚਨਾਵਾਂ ਪੇਸ਼ ਕਰਕੇ ਆਪੋ-ਆਪਣੀ ਲਾ-ਜੁਵਾਬ ਗਾਇਕੀ ਨਾਲ ਸਰੋਤਿਆਂ ਦਾ ਖੂਬ ਮਨੋਰੰਜਨ ਕੀਤਾ। ਸਮਾਗਮ ਦੇ ਅੰਤ ਵਿਚ ਪ੍ਰਿੰਸੀਪਲ ਸੁਰਿੰਦਰ ਕੌਰ ਦੀ ਨਿਰਦੇਸ਼ਨਾ ਹੇਠ ਏਂਜਲ ਪਬਲਿਕ ਸਕੂਲ ਬਹਿਲੋਲਪੁਰ ਦੀਆਂ ਵਿਦਿਆਰਥਣਾਂ ਨੇ ਜਾਗੋ ਨਾਲ ਸੋਹਣਾ ਰੰਗ ਬੰਨ੍ਹਿਆ। ਸਟੇਜ-ਸਕੱਤਰ ਦੀ ਭੂਮਿਕਾ ਪਿਆਰਾ ਸਿੰਘ ਰਾਹੀ ਵਲੋਂ ਲਾ-ਜੁਵਾਬ ਢੰਗ ਨਾਲ ਨਿਭਾਈ ਗਈ। ਦੂਰ-ਦੁਰਾਡੇ ਤੋਂ ਪਹੁੰਚੇ ਸਾਹਿਤਕਾਰਾਂ ਵਿਚ ਸਰਵ ਸ੍ਰੀ ਮਹਿੰਗਾ ਸਿੰਘ ਕਲਸੀ, ਸ਼ਮਸ਼ੇਰ ਸਿੰਘ ਪਾਲ, ਪ੍ਰਿੰ: ਬਲਬੀਰ ਛਿੱਬੜ, ਸਿਕੰਦਰ ਰਾਮਪੁਰੀ, ਪਲਵਿੰਦਰਜੀਤ ਪਾਲੀ, ਸ਼ਿਵ ਬੱਲੀ, ਸੁਰਿੰਦਰ ਮਹਿਤੋ, ਡਾ ਸੁਖਦਰਸ਼ਨ ਸਿੰਘ, ਜਗਜੀਤ ਸਿੰਘ ਸੋਨੂ (ਪ੍ਰਾਪਰਟੀ ਸਲਾਹਕਾਰ), ਕਾ: ਜੋਗਿੰਦਰ, ਕਾ: ਗਿਆਨ ਚੰਦ, ਪ੍ਰਿੰ: ਤੇਜਾ ਸਿੰਘ, ਰੁਪਿੰਦਰ ਕੌਰ ਰਿੰਪੀ, ਬੀਬੀ ਈਸ਼ਰਤ ਜਹਾਂ, ਡਾ: ਮੀਨਾਕਸ਼ੀ ਸ਼ਰਮਾ, ਬਾਵਾ ਹਨੂਮੰਤ ਸਿੱਧੂ, ਵਰਿਆਮ ਬਟਾਲਵੀ, ਕਸ਼ਮੀਰ ਘੇਸਲ, ਰਾਜ ਕੁਮਾਰ ਸਾਹੋਵਾਲੀਆ, ਸਰਬਜੀਤ ਸਿੰਘ ਪ੍ਰਿੰਸ, ਜਸਪਾਲ ਦੇਸੂਵੀ, ਡਾ. ਆਈ. ਡੀ. ਸਿੰਘ, ਸੁਰਿੰਦਰ ਕੌਰ ਭੋਗਲ, ਕਸ਼ਮੀਰ ਕੌਰ ਸੰਧੂ, ਰਣਜੋਧ ਸਿੰਘ ਰਾਣਾ, ਪ੍ਰਿੰ: ਹਰਨੇਕ ਸਿੰਘ ਆਦਿ ਸ਼ਾਮਲ ਸਨ। ਕੁੱਲ ਮਿਲਾਕੇ ਸਮਾਗਮ ਯਾਗਦਾਰੀ ਪੈੜਾਂ ਛੱਡ ਗਿਆ।

### ਪਾਣੀ ਪ੍ਰਦੂਸਣ: ਚੰਗੀ ਰਣਨੀਤੀ ਜਰੂਰੀ

ਧਰਤੀ ਹੇਠਲੇ ਪਾਣੀ ਚ ਫਲੋਰਾਈਡ ਪ੍ਰਦੂਸਣ ਹੈ ਤੇ ਇਹਨਾਂ ਸੂਬਿਆਂ ਵਿੱਚ ਵੀ ਇੱਕ ਕਰੋੜ ਲੋਕ ਪ੍ਰਭਾਵਿਤ ਹਨ। ਇੱਕ ਅਧਿਐਨ ਤੋਂ ਇਹ ਾਵੀ ਪਤਾ ਲੱਗਾ ਹੈ ਕਿ ਪੰਜਾਬ ਸੂਬਾ ਵੀ ਘਿ ਤੋਂ ਪ੍ਰਭਾਵਿਤ ਹੈ। ਦੂਸਤਿ ਪਾਣੀ ਵਿੱਚ ਬੇਕਟੀਰਿਆ ਸਾਲਮੋਲੋਨੀਆਂ ਟਾਈਫੀ ਪਾਇਆ ਗਿਆ ਹੈ। ਜਿਸ ਕਾਰਨ ਪੀਲਿਆ ਹੈਪੇਟਾਈਟਸ ਹੁੰਦਾ ਹੈ ਤੇ ਪਿੱਤੇ ਦੀ ਥੈਲੀ ਦਾ ਕੈਂਸਰ ਵੀ ਹੋ ਰਿਹਾ ਹੈ। ਇਹ ਬੈਕਟੀਰਿਆ ਗਾਲ ਬਲੈਡਰ ਨੂੰ ਬਿਮਾਰ ਕਰਦਾ ਹੈ ਤੇ ਉਸ ਚ ਜਮਾਂ ਹੋ ਜਾਂਦਾ ਹੈ ਉਸ ਚ ਪੈਦਾ ਹੋਏ ਅਲਕਲਾਈਨ ਤਰਲ ਪਦਾਰਥਾ ਵਿੱਚ ਫਲਦਾ ਫੁੱਲਦਾ ਹੈ। ਦੇਸ ਚ 5 ਕਰੋੜ ਵਿਅਕਤੀਆਂ ਨੂੰ ਸਾਫ ਪੀਣ ਵਾਲਾ ਪਾਣੀ ਮੁਹੱਈਆ ਨਹੀਂ ਹੈ।

ਭਾਰਤ ਦੇ ਸਹਿਰਾਂ ਤੇ ਕਸਬਿਆਂ ਾਚ ਨਗਰਪਾਲਿਕਾ ਜਲ ਸਪਲਾਈ ਵਿਵਸਥਾ ਹੈ ਪਰ ਉਹ ਪਾਣੀ ਵਿੱਚ ਕਾਫੀ ਤਰ੍ਹਾਂ ਦੇ ਤੱਤ ਹਨ ਜੋ ਪੀਣ ਯੋਗ ਨਹੀ ਹੈ। ਰਸਾਇਣਕ ਧਰਤੀ ਹੇਠਲੇ ਕਾਰਨਾਂ ਤੋਂ ਪੈਦਾ ਹੁੰਦੇ ਹਨ ਤੇ ਇਹ ਗੰਗਾ, ਬ੍ਰਹਮਪੁੱਤਰ ਬਰਗ ਘਾਟੀ ਚ ਇਹ ਲੋੜੀਂਦੀ ਮਾਤਰਾ ਵਿੱਚ ਪਾਇਆ ਜਾਂਦਾ ਹੈ। ਪੰਜਾਬ ਤੇ ਹੋਰ ਸੂਬਿਆਂ (ਬਿਹਾਰ, ਮਣੀਪੁਰ, ਛੱਤੀਸਗੜ ) ਚ ਧਰਤੀ ਹੇਠਲੇ ਪਾਣੀ ਚ ਆਰਸੈਨਿਕ ਦੀ ਮਾਤਰਾ 50 ਮਿਲੀਗਰਾਮ ਤੋਂ ਕਿਤੇ ਜਿਆਦਾ ਹੈ। ਪੰਜਾਬ, ਹਰਿਆਣਾ ਬਿਹਾਰ ਤੇ ਤਾਮਿਲਨਾਡੂ ਚ ਵੀ ਇਹ ਸੱਮਸਿਆ ਵੱਧਦੀ ਜਾ ਰਹੀ ਹੈ। ਇੱਕ ਅੰਦਾਜੇ ਅਨੁਸਾਰ ਵਰਤਮਾਨ ਚ 20 ਸੂਬਿਆਂ ਦੇ 209 ਜਿਲੇ ਫਲੋਰਾਇਡ ਪ੍ਰਦੂਸਣ ਤੋਂ ਪ੍ਰਭ-ਾਵਿਤ ਹਨ ਤੇ ਇਹਨਾਂ ਸੂਬਿਆਂ ਵਿਚ 6 ਕਰੋੜ ਲੋੜ ਪ੍ਰਭਾਵਿਤ ਹਨ। ਪੰਜਾਬ ਦੇ ਕਈ ਜਿਲੇ ਵਿੱਚ ਇਸ ਪ੍ਰਦੂਸਣ ਤੋਂ ਪ੍ਰਭਾਵਿਤ ਹਨ। ਹਾਲ ਹੀ ਸ ਰਵੈ ਦੋਰਾਨ ਪੰਜਾਬ ਦੇ ਗੰਢੀਵਿੰਢ (ਅੰਮ੍ਰਿਤਸਰ), ਪੱਟੀ (ਤਰਨਤਾਰਨ), ਝੁਨੀਰ (ਮਾਨਸਾ), ਢਿੱਲਵਾਂ (ਕਪੂਰਥਲਾ), ਰੋਪੜ, ਫਾਜਿਲਕਾ ਵਿੱਚ ਆਰਸੈਨਿਕ ਦੀ ਮਾਤਰਾ ਪਾਈ ਗਈ। ਇਸ ਕਾਰਲ ਗਰੀਬ ਤੇ ਅਮੀਰ ਵਰਗਾਂ ਦੇ ਲੋਕ ਪ੍ਰਭਾਵਿਤ ਹੁੰਦੇ ਹਨ ਕਿਉਂਕਿ ਇਹ ਲੋਕ ਦੂਸਿਤ ਪਾਣੀ ਪੀਣ ਲਈ ਮਜਬੂਰ ਹੁੰਦੇ ਹਨ।

ਧਰਤੀ ਰਸਾਇਣ ਦੇ ਗਿਆਨ ਚ ਵਾਧਾ, ਪ੍ਰਦੂਸਣ ਹਟਾਉਣ ਲਈ ਪਾਣੀ ਫਿਲਟਰਾਂ ਦਾ ਵਿਕਾਸ, ਰਸਾਇਣਕ ਫਿਲਟਰ, ਬਹੁਤ ਡੂਘੇ ਪਾਣੇ ਲੈਣ ਤੇ ਰਸਾਇਣਕ ਪ੍ਰਭਾਵਿਤ ਖੇਤਰਾਂ ਚ ਧਰਤੀ ਹੇਠਲੇ ਪਾਣੀ ਕਾਰਨ ਇਸ ਸਮੱਸਿਆ ਦਾ ਕੁੱਝ ਹੱਲ ਹੋ ਸਕਦਾ ਹੈ।, ਪਰ ਇਸ ਲਈ ਇੱਕ ਵੱਡੇ ਵਿਗਿਆਨ ਢਾਂਚਾ ਵਿਕਸਤਾ ਕਰਨਾ ਪਵੇਗਾ। ਪਾਣੀ ਪ੍ਰਦੂਸਣ ਦੀ ਸਮੱਸਿਆ ਵੀ ਭਿਆਨਕਤਾ ਤੇ ਵਿ ਵਿਸੇ ਕਰਕੇ ਪੇਂਡੂ ਖੇਤਰਾਂ ਚ ਗਰੀਬ ਵਰਗ ਦੇ ਲੋਕਾਂ ਦੀ ਸਿਹਤ ਤੇ ਇਸ ਦੇ ਪ੍ਰਭਾਵ ਨੂੰ ਦੇਖਦਿਆਂ ਕੋਲਕਾਤਾਂ ਚ ਸਥਾਪਤ ਕੀਤਾ ਜਾ ਰਿਹਾ ਕੇਂਦਰ ਇੱਕ ਸਹੀ ਦਿਸਾ ਵਿੱਚ ਚੁੱਕਿਆ ਗਿਆ ਕਦਮ ਹੈ। ਅਜਿਹੇ ਕੇਂਦਰ ਦੀ ਸਥਾਪਨਾ ਬਹੁਤ ਪਹਿਲਾਂ ਹੋ ਜਾਣੀ ਚਾਹੀਦੀ ਸੀ। ਸਰਕਾਰਾਂ ਦੇਸ ਦੇ ਲੋਕਾਂ ਨੂੰ ਸਵੱਛ ਪਾਣੀ ਮੁਹੱਈਆ ਕਰਵਾਉਣ ਦੀ ਆਪਣੀ ਜਿੰਮੇਂਵਾਰੀ ਤੋਂ ਬਚ ਨਹੀਂ ਸਕਦੀ।




ਆਪ ਸਭ ਨੂੰ ਨਵਾਂ ਸਾਲ 2016 ਮੁਬਾਰਕ। ਅਰਦਾਸ ਕਰਦੇ ਹਾਂ ਕਿ ਇਹ ਸਾਲ ਸਭ ਲਈ ਉਪਲਬਧੀਆਂ ਭਰਿਆ ਹੋਵੇ। ਇਹ ਸਾਲ ਸਾਰੀ ਮਨੁੱਖਤਾ ਦੇ ਲਈ ਖੁਸ਼ੀਆਂ ਖੇੜੇ ਲੈ ਕੇ ਆਵੇ।

# MANN BROS

## GROCERY & MEAT MARKET

(Surrey Wale)

We carry all Kinds of Indian Groceries, our specialty BBQ chicken, Tandori chicken, fish and goat meat

Contact Ravi (530) 751-1439

570A North Palora Ave. Yuba City, CA 95991



# Golden State Truck Sales Inc.

## ਗੋਲਡਨ ਸਟੇਟ ਟਰੱਕ ਸੇਲਜ਼ ਇੰਕ.

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ

ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ।

Buy Quality Used Trucks

ਸਸਤੇ ਵਿਆਜ ਦਰ ਦੇ ਨਾਲ ਆਪਣੇ ਟਰੱਕ ਦਾ ਲੋਨ ਕਰਵਾਓ

ਅਸੀਂ ਮਿੱਟੀ ਲੋਡ ਕਰਨ ਵਾਲੇ ਟਰੱਕ ਵੀ ਵੇਚਦੇ ਹਾਂ।

ਅਸੀਂ ਕਰੈਡਿਟ, ਬੈਡ ਕਰੈਡਿਕ, ਬੈਂਕਰਪਸੀ, ਫਸਟ ਟਾਈਮ ਬਾਇਰ (ਪਹਿਲੀ ਵਾਰ ਖਰੀਦਣ ਵਾਲੇ), ਫੋਰਕਲੋਜ਼ਰ, ਮੈਡੀਕਲ ਬਿਲ ਆਨ ਕ੍ਰੈਡਿਟ ਦੀ ਸਹੂਲਤ ਵੀ ਮੁਹੱਈਆ ਕਰਵਾਉਣ ਵਿਚ ਮਦਦ ਕਰਦੇ ਹਾਂ।





Call : Dharminder Singh

Cell : 530-870-6600 Fax : 530-405-1429


Email: myfuturetruck@gmail.com

2535 Front St. West Sacramento, CA 95691

ਆਪ ਸਭ ਨੂੰ ਨਵਾਂ ਸਾਲ 2016 ਮੁਬਾਰਕ। ਅਰਦਾਸ ਕਰਦੇ ਹਾਂ ਕਿ ਇਹ ਸਾਲ ਸਭ ਲਈ ਉਪਲਬਧੀਆਂ ਭਰਿਆ ਹੋਵੇ। ਇਹ ਸਾਲ ਸਾਰੀ ਮਨੁੱਖਤਾ ਦੇ ਲਈ ਖੁਸ਼ੀਆਂ ਖੇੜੇ ਲੈ ਕੇ ਆਵੇ।

Happy New Year

2016



BOMBAY VIDEO

WESTERN UNION

WORLDWIDE MONEY TRANSFER



Jeetendra & Meenakshi Sharma

1410 Bridge St. Suite D, Yuba City, CA 95993

* Movies Conversion, Professional Wedding
* Movies and DVD's Rental, Indian & Pakistani Groceries
* Punjabi/ Hindi/ Urdu Audio Cassettes & CD's/ Retail and Wholesale

Phone: (530) 673-7150
Fax: (530) 673-5950



ਟਰੱਕ ਡਰਾਇਵਰ ਵੀਰਾਂ ਲਈ

ਪੈਸੇ ਬਚਾਉਣ ਅਤੇ ਕਮਾਉਣ ਦਾ ਸੁਨਹਿਰੀ ਮੌਕਾ

ਅੱਜ ਹੀ ਕਾਲ ਕਰੋ

TOLL FREE
1-800-381-0107



* ਘਰ ਵਾਪਸੀ 'ਤੇ ਲੋਡ ਨਹੀਂ ਮਿਲ ਰਿਹਾ ਤਾਂ ਸਾਨੂੰ ਕਾਲ ਕਰੋ
* ਡਿਸਪੈਚਰਾਂ ਤੋਂ ਤੁਹਾਡੇ ਪੈਸਿਆਂ ਨੂੰ ਬਚਾਉਣ ਦੀ ਕੋਸ਼ਿਸ਼ ਕਰਾਂਗੇ
* ਸਾਨੂੰ, ਡਿਸਪੈਚਰ ਤਜਰਬੇ ਜਾਂ ਬਿਨਾਂ ਤਜਰਬੇ ਦੇ ਹੋਣ, ਲੋੜ ਹੈ
* ਤੇਲ ਐਡਵਾਂਸ ਅਤੇ ਤੁਰੰਤ ਪੇਅ ਉਪਲੱਬਧ

SKZ LLC. BROKERAGE

* CANT'T FIND A LOAD TO COME HOME?
* TIRED OF DISPATCHERS TAKING YOUR MONEY?
* We are looking for freight dispatchers with or without exprience
* Fuel ADVANCE AND QUICKPAY AVAILABLE!!

CALL Todal :-
DEEPA: 925-354-8122
R.G. : 408-896-1234
RAVI: 925-978-3674
SKZDUBLIN@GMAIL.COM







ਆਪ ਸਭ ਨੂੰ ਨਵਾਂ ਸਾਲ 2016 ਮੁਬਾਰਕ। ਅਰਦਾਸ ਕਰਦੇ ਹਾਂ ਕਿ ਇਹ ਸਾਲ ਸਭ ਲਈ ਉਪਲਬਧੀਆਂ ਭਰਿਆ ਹੋਵੇ। ਇਹ ਸਾਲ ਸਾਰੀ ਮਨੁੱਖਤਾ ਦੇ ਲਈ ਖੁਸ਼ੀਆਂ ਖੇੜੇ ਲੈ ਕੇ ਆਵੇ।

Toll Free 1-866-FOR-RAJA
www.rajasweets.com
msbains@rajasweets.com
Follow us on:

Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Fresh Sweets, Snacks & Food
Catering for All occasions up to 10000 guests
Lunch - Dinner - Take Out - Banquets

Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

Catering Services:
- Wedding Ceremonies
- Receptions/ Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders



ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।




Call Makhan Bains or Ravinder Singh for your next Party 1-866-FOR RAJA www.RajaSweets.com